A-PDF Black/White DEMO : Purchase from www.A-PDF.com to remove

SIKHBOOKCLUB.COM

# ਹੁਕਮੀ ਦੀ ਹਵੇਲੀ

SIKHBOOKCLUB.COM

# ਕਿਰਦਾਰ

| | |
|---|---|
| ਹੁਕਮੀ | (ਉਮਰ 60 ਸਾਲ) |
| ਮਾਲਾਂ, ਹੁਕਮੀ ਦੀ ਮਾਂ | (ਉਮਰ 80 ਸਾਲ) |
| ਤਾਰੋ, ਹੁਕਮੀ ਦੀ ਧੀ | (ਉਮਰ 39 ਸਾਲ) |
| ਦੀਪੋ, ਹੁਕਮੀ ਦੀ ਧੀ | (ਉਮਰ 30 ਸਾਲ) |
| ਜੌੜੀ, ਹੁਕਮੀ ਦੀ ਧੀ | (ਉਮਰ 27 ਸਾਲ) |
| ਕਿਰਨ, ਹੁਕਮੀ ਦੀ ਧੀ | (ਉਮਰ 24 ਸਾਲ) |
| ਚੰਨੋ, ਹੁਕਮੀ ਦੀ ਧੀ | (ਉਮਰ 20 ਸਾਲ) |
| ਪਾਲੋ, ਘਰ ਦੀ ਪੁਰਾਣੀ ਨੌਕਰਾਣੀ | (ਉਮਰ 60 ਸਾਲ) |
| ਇਕ ਹੋਰ ਨੌਕਰਾਣੀ, | (ਉਮਰ 50 ਸਾਲ) |
| ਅਫ਼ਸੋਸ ਕਰਨ ਆਈਆਂ ਔਰਤਾਂ | |

SIKHBOOKCLUB.COM

# ਹੁਕਮੀ ਦੀ ਹਵੇਲੀ

ਲੋਰਕਾ ਦੇ ਦੁਖਾਂਤ

"ਹਾਊਸ ਆਫ਼ ਬਰਨਾਰਡਾ ਅਲਬਾ"

ਦਾ ਪੰਜਾਬੀ ਰੂਪਾਂਤਰ

SIKHBOOKCLUB.COM

ਸੁਰਜੀਤ ਪਾਤਰ

logo and Imprint is owned by Unistar Books Pvt. Ltd.

*Copyright © 2004*

All rights reserved

# Hukmi Di Haveli

SIKHBOOKCLUB.COM

**(natak)**

*by*

**Surjit Patar**

Edition : 2004
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
Type Setting & Design PCIS, Chandigarh and
Printed at Savitar Press, Chandigarh Ph:0172-5075710

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਇਸ ਨਾਟਕ ਬਾਰੇ

ਨਾਟਕ "ਹੁਕਮੀ ਦੀ ਹਵੇਲੀ" ਜਾਗੀਰਦਾਰ ਦੀ ਮੌਤ ਨਾਲ ਸ਼ੁਰੂ ਹੁੰਦਾ ਹੈ। ਉਸਦੀ ਵਿਧਵਾ ਪਤਨੀ ਹੁਕਮੀ ਬਹੁਤ ਕੌੜੇ ਸੁਭਾਅ ਦੀ ਔਰਤ ਹੈ। ਉਸ ਨੇ ਆਪਣੀ ਬੁੱਢੀ ਮਾਂ ਮਾਲਾਂ ਨੂੰ ਇਕ ਕੋਠੜੀ ਵਿਚ ਤਾੜਿਆ ਹੋਇਆ ਹੈ ਤੇ ਆਪਣੀਆਂ ਪੰਜ ਧੀਆਂ ਨੂੰ ਉਹ ਹਰ ਪਲ ਆਪਣੀ ਬੇਫਿਕਰ ਨਜ਼ਰ ਹੇਠ ਰੱਖਦੀ ਹੈ। ਉਹ ਦਿਨ ਰਾਤ ਆਪਣੇ ਘਰ ਦੀ ਰੀਤ ਮਰਯਾਦਾ 'ਤੇ ਪਹਿਰਾ ਦੇ ਰਹੀ ਹੈ। ਉਹ ਨਹੀਂ ਚਾਹੁੰਦੀ ਕੋਈ ਉਸ ਦੇ ਖ਼ਾਨਦਾਨ ਦੀ ਇੱਜ਼ਤ ਆਬਰੂ 'ਤੇ ਉਂਗਲ ਧਰ ਸਕੇ।

ਆਪਣੀਆਂ ਵਿਆਹੁਣ ਯੋਗ ਧੀਆਂ ਲਈ ਹੁਕਮੀ ਨੂੰ ਆਸ ਪਾਸ ਕੋਈ ਯੋਗ ਵਰ ਨਹੀਂ ਲੱਭਦਾ ਕਿਉਂਕਿ ਉਹ ਉਨ੍ਹਾਂ ਦੇ ਵਿਆਹ ਆਮ ਜੱਟਾਂ ਦੇ ਘਰੀਂ ਨਹੀਂ ਕਰਨਾ ਚਾਹੁੰਦੀ, ਉਹ ਕੋਈ ਵੱਡਾ ਘਰ ਢੂੰਡਦੀ ਹੈ।

ਜਵਾਨ ਧੀਆਂ ਦੇ ਮਨਾਂ ਵਿੱਚੋਂ ਉੱਠਦੀਆਂ ਲਹਿਰਾਂ ਆਪਣੇ ਹੀ ਕਿਨਾਰੇ ਖੋਰ ਕੇ ਮੁੜਦੀਆਂ ਰਹਿੰਦੀਆਂ ਹਨ। ਬੁੱਢੀ ਮਾਂ ਮਾਲਾਂ ਨੀਮ-ਪਾਗਲ ਹੈ ਤੇ ਉਹ ਅਜੇ ਵੀ ਆਪਣੇ ਆਪ ਨੂੰ ਇਕ ਕੁਆਰੀ ਮੁਟਿਆਰ ਸਮਝਦੀ ਹੈ।

ਇਹ ਨਾਟਕ ਰੀਤ ਮਰਯਾਦਾ ਦੀ ਚਾਰ ਦੀਵਾਰੀ ਵਿਚ ਤੜਪਦੇ ਪਿਆਰ ਤੇ ਹੁਸਨ ਦਾ ਦੁਖਾਂਤ ਹੈ।

ਇਸ ਨਾਟਕ ਦਾ ਅੰਤ ਹੁਕਮੀ ਦੀ ਸਭ ਤੋਂ ਛੋਟੀ ਤੇ ਸਭ ਤੋਂ ਸੁਹਣੀ ਧੀ ਚੰਨੋ ਦੀ ਖ਼ੁਦਕੁਸ਼ੀ ਨਾਲ ਹੁੰਦਾ ਹੈ। ਇਹ ਖ਼ੁਦਕੁਸ਼ੀ ਇਸ ਗੱਲ ਦਾ ਪ੍ਰਤੀਕ ਹੈ ਕਿ ਇਸ ਘਰ ਵਿਚ ਜ਼ਿੰਦਗੀ ਲਈ ਬਾਕੀ ਸਾਰੇ ਦਰ ਬੰਦ ਹਨ, ਸਿਰਫ਼ ਮੌਤ ਦਾ ਦਰ ਖੁੱਲ੍ਹਾ ਹੈ।

ਇਸ ਨਾਟਕ ਵਿਚ ਮੰਚ 'ਤੇ ਸਿਰਫ਼ ਨਾਰੀ ਕਿਰਦਾਰ ਹੀ ਆਉਂਦੇ ਹਨ, ਇੱਕੋ ਇਕ ਪੁਰਖ ਕਿਰਦਾਰ ਦਿਲਬਾਗ਼ ਦੇ ਆਉਣ ਜਾਣ ਦੀ ਸਿਰਫ਼ ਚਰਚਾ ਹੁੰਦੀ ਹੈ। ਅੰਤ ਪਿਛੋਕੜ ਵਿਚ ਹੁਕਮੀ ਇਸ ਕਿਰਦਾਰ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਉਣ ਦੀ ਕੋਸ਼ਸ਼ ਕਰਦੀ ਹੈ, ਪਰ ਉਹ ਬਚ ਨਿਕਲਦਾ ਹੈ।

ਲੋਰਕਾ ਦੇ ਬਾਕੀ ਦੁਖਾਂਤਾਂ ਵਾਂਗ ਇਹ ਦੁਖਾਂਤ ਵੀ ਉਸਦੀ ਬਹੁਤ ਸ਼ਕਤੀਸ਼ਾਲੀ ਕਾਵਿਕ ਭਾਸ਼ਾ ਲਈ ਜਾਣਿਆ ਜਾਂਦਾ ਹੈ। ਹਰ ਦੁਖਾਂਤ ਵਾਂਗ ਇਸ

ਵਿਚ ਵੀ ਸਿਰਜਣਾ ਦੀ ਸ਼ਕਤੀ, ਫੋਕੀ ਅਣਖ ਤੇ ਥੋਥੀਆਂ ਰੀਤਾਂ ਨਾਲ ਟਕਰਾਉਂਦੀ ਹੈ। ਸਾਰੇ ਨਾਟਕ ਦੀ ਭਾਸ਼ਾ ਵਿਚ ਤੜਪਦੀਆਂ ਲਹਿਰਾਂ ਤੇ ਤੋੜੀਆਂ ਜਾ ਰਹੀਆਂ ਜ਼ੰਜੀਰਾਂ ਦੀ ਧੁਨੀ ਸੁਣਦੀ ਰਹਿੰਦੀ ਹੈ।

SIKHBOOKCLUB.COM

# ਲੋਰਕਾ

ਇਸ ਨਾਟਕ ਦੇ ਰਚਨਹਾਰ ਸਪੈਨਿਸ਼ ਕਵੀ, ਨਾਟਕਕਾਰ, ਸੰਗੀਤਕਾਰ ਤੇ ਕਲਾਕਾਰ ਫੇਡੇਰੀਕੋ ਗਾਰਸ਼ੀਆ ਲੋਰਕਾ ਦਾ ਜਨਮ ਸਪੇਨ ਦੇ ਇਕ ਛੋਟੇ ਜਿਹੇ ਨਗਰ ਵਿਚ 1898 ਨੂੰ ਹੋਇਆ, ਜਿੱਥੇ ਉਸ ਦੇ ਪਿਤਾ ਦਾ ਛੋਟਾ ਜਿਹਾ ਫਾਰਮ ਸੀ। ਗ੍ਰੈਜੂਏਸ਼ਨ ਕਰਨ ਤੋਂ ਬਾਅਦ ਲੋਰਕਾ ਸੈਕਰੇਡ ਹਾਰਟ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ। 1919 ਵਿਚ ਉਹ ਯੂਨੀਵਰਸਿਟੀ ਦੀ ਪੜ੍ਹਾਈ ਅਧੂਰੀ ਛੱਡ ਕੇ ਮੈਡਰਿਡ ਚਲਾ ਗਿਆ ਤੇ ਪੂਰੀ ਤਰ੍ਹਾਂ ਆਪਣੀ ਕਲਾ ਨੂੰ ਸਮਰਪਿਤ ਹੋ ਗਿਆ। ਉਹ ਨਾਟ-ਮੰਚਨਾਂ ਦਾ ਪ੍ਰਬੰਧ ਕਰਦਾ, ਕਵਿਤਾਵਾਂ ਸੁਣਾਉਂਦਾ ਅਤੇ ਲੋਕਗੀਤ ਇਕੱਠੇ ਕਰਦਾ।

1929 ਨੂੰ ਲੋਰਕਾ ਨਿਊਯੌਰਕ ਗਿਆ। 1930 ਵਿਚ ਸਪੇਨ ਰੀਪਬਲਿਕ ਬਣ ਗਿਆ ਤਾਂ ਲੋਰਕਾ ਸਪੇਨ ਮੁੜ ਆਇਆ। ਚਲਦੇ ਫਿਰਦੇ ਰੰਗ ਮੰਚ ਦੀ ਇਕ ਸੰਸਥਾ ਬਣੀ ਜੋ ਆਮ ਲੋਕਾਂ ਲਈ ਨਾਟਕਾਂ ਦਾ ਮੰਚਨ ਕਰਦੀ ਸੀ। ਲੋਰਕਾ ਇਸ ਸੰਸਥਾ ਨਾਲ ਜੁੜ ਗਿਆ। ਇਸ ਸੰਸਥਾ ਨੇ ਬਹੁਤ ਸਾਰੇ ਹੋਰ ਨਾਟਕਾਂ ਦੇ ਨਾਲ ਨਾਲ ਲੋਰਕਾ ਦੇ ਮਸ਼ਹੂਰ ਤਿੰਨ ਦੁਖਾਂਤਾਂ ਦਾ ਮੰਚਨ ਵੀ ਕੀਤਾ।

1936 ਵਿਚ ਸਪੇਨ ਵਿਚ ਖ਼ਾਨਾਜੰਗੀ ਸ਼ੁਰੂ ਹੋ ਗਈ। ਜੁਲਾਈ 1936 ਵਿਚ ਫਰੈਂਕੋ ਦੇ ਸਿਪਾਹੀਆਂ ਨੇ ਲੋਰਕਾ ਨੂੰ ਕੈਦ ਕਰ ਲਿਆ। ਕੁਝ ਦਿਨਾਂ ਬਾਅਦ ਉਹ ਲੋਰਕਾ ਨੂੰ ਇਸ ਬਹਾਨੇ ਜੇਲ੍ਹ ਤੋਂ ਬਾਹਰ ਲੈ ਗਏ ਕਿ ਉਹ ਉਸ ਦੇ ਰਿਸ਼ਤੇਦਾਰ ਮੌਂਤੇਸਿਨੌਸ ਨੂੰ ਮਿਲਾਉਣ ਲੈ ਕੇ ਜਾ ਰਹੇ ਹਨ। ਮੌਂਤੇਸਿਨੌਸ ਗ੍ਰੇਨਾਡਾ ਦਾ ਭੂਤਪੂਰਵ ਸਮਾਜਵਾਦੀ ਮੇਅਰ ਸੀ ਜਿਸ ਨੂੰ ਫਰੈਂਕੋ ਦੇ ਸਿਪਾਹੀ ਕੁਝ ਦਿਨ ਪਹਿਲਾਂ ਹੀ ਮਾਰ ਕੇ ਗਲੀਆਂ ਵਿਚ ਘੜੀਸ ਚੁੱਕੇ ਸਨ। ਫਰੈਂਕੋ ਦੇ ਸਿਪਾਹੀ ਲੋਰਕਾ ਨੂੰ ਸ਼ਮਸ਼ਾਨ ਘਾਟ ਵਿਚ ਲੈ ਗਏ, ਕਾਰ ਵਿਚੋਂ ਬਾਹਰ ਕੱਢਿਆ ਤੇ ਗੋਲੀਆਂ ਨਾਲ ਵਿੰਨ੍ਹ ਦਿੱਤਾ ਤੇ ਉਸ ਦੀਆਂ ਕਿਤਾਬਾਂ ਗ੍ਰੇਨਾਡਾ ਦੇ ਚੌਕ ਵਿਚ ਸਾੜ ਦਿੱਤੀਆਂ।

ਲੋਰਕਾ ਦੀਆਂ ਕਵਿਤਾਵਾਂ ਅਤੇ ਨਾਟਕ ਆਪਣੀ ਸ਼ਿੱਦਤ ਖ਼ੂਬਸੂਰਤੀ ਅਤੇ ਖ਼ਿੰਬਾਂ ਚਿੰਨ੍ਹਾਂ ਲਈ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ। ਲੋਰਕਾ ਵੀਹਵੀਂ ਸਦੀ ਦਾ ਸ਼ਾਇਦ ਸਭ ਤੋਂ ਅਹਿਮ ਸਪੇਨੀ ਕਵੀ ਤੇ ਨਾਟਕਕਾਰ ਹੈ।

# ਪਹਿਲਾ ਅੰਕ

ਬਹੁਤ ਵੱਡਾ ਵਿਹੜਾ, ਤਿੰਨੇ ਪਾਸੇ ਕਮਰੇ, ਕਮਾਨੀਦਾਰ ਮੁਹਾਠਾਂ ਵਾਲੇ ਦਰਵਾਜ਼ੇ, ਲਟਕਦੀਆਂ ਚਿਕਾਂ, ਬੈਂਤ ਦੀਆਂ ਕੁਰਸੀਆਂ, ਕੰਧਾਂ ਉੱਤੇ ਗੁਰੂਆਂ-ਪੀਰਾਂ, ਅਵਤਾਰਾਂ, ਰਾਜਿਆਂ-ਮਹਾਰਾਜਿਆਂ ਦੇ ਨਾਲ ਓਪਰੇ ਜਿਹੇ ਧਰਤ ਦ੍ਰਿਸ਼ਾਂ ਦੀਆਂ ਤਸਵੀਰਾਂ।

*ਗਰਮੀਆਂ ਦੀ ਰੁੱਤ, ਮੰਚ ਤੇ ਭਾਵ-ਭਰੀ ਖ਼ਾਮੋਸ਼ੀ, ਪਰਦਾ ਉੱਠਣ 'ਤੇ ਮੰਚ ਬਿਲਕੁਲ ਖ਼ਾਲੀ ਹੁੰਦਾ ਹੈ। ਬਾਹਰੋਂ ਮਕਾਣ ਦੇ ਰੋਣ ਦੀ ਆਵਾਜ਼ ਸੁਣਾਈ ਦਿੰਦੀ ਹੈ।*

ਪਹਿਲੀ ਨੌਕਰਾਣੀ : (*ਦਾਖ਼ਲ ਹੁੰਦਿਆਂ*) ਇਹ ਰੋਂਦੀਆਂ ਜ਼ਨਾਨੀਆਂ ਦੀ ਆਵਾਜ਼.... ਐਥੇ.... ਮੇਰੇ ਮੱਥੇ ਵਿਚ ਵੱਜਦੀ ਐ।

ਪਾਲੋ : *(ਰੋਟੀ ਤੇ ਚਟਣੀ ਖਾਂਦੀ ਦਾਖ਼ਲ ਹੁੰਦੀ ਹੈ।)* ਇਕ ਮਕਾਣ ਜਾਂਦੀ, ਦੂਜੀ ਆ ਜਾਂਦੀ। ਸਾਰਾ ਦਿਨ ਮੱਤ ਮਾਰੀ ਰਹਿੰਦੀ ਆ, ਪਹਿਲੇ ਦਿਨ ਦੀਪੋ ਨੂੰ ਤਾਂ ਗਸ਼ੀ ਪੈ ਗਈ।

ਪਹਿਲੀ ਨੌਕਰਾਣੀ : ਇਹਨੂੰ ਵਿਚਾਰੀ ਨੂੰ 'ਕੱਲੀ ਛੱਡ ਦਿੰਦੇ ਆ।

ਪਾਲੋ : ਬਸ ਇਹੋ 'ਕੱਲੀ ਆਪਣੇ ਬਾਪ ਨੂੰ ਪਿਆਰ ਕਰਦੀ ਸੀ। ਰੱਬ ਦਾ ਸ਼ੁਕਰ ਐ ਅਸੀਂ ਦੋ ਘੜੀਆਂ ਕੱਲੀਆਂ ਹਾਂ। ਮੈਂ ਕੁਝ ਖਾ ਪੀ ਲਵਾਂ।

ਪਹਿਲੀ ਨੌਕਰਾਣੀ : ਜੇ ਤੈਨੂੰ ਹੁਕਮੀ ਨੇ ਦੇਖ ਲਿਆ।

ਪਾਲੋ : ਬੜੀ ਡਾਢੀ ਰੰਨ ਆਂ ਜਰਵਾਣੀ। ਪਰ ਅੱਜ ਮੈਂ ਉਹਨੂੰ ਠੱਗ ਲਿਆ, ਮੈਂ ਮਿੱਠੀ ਚਟਣੀ ਵਾਲਾ ਮਰਤਬਾਨ ਖੋਲ੍ਹ ਲਿਆ।

ਪਹਿਲੀ ਨੌਕਰਾਣੀ : (*ਚਿੰਤਾ ਭਰੀ ਉਦਾਸੀ ਨਾਲ*) ਪਾਲੋ, ਮੇਰੀ ਛੋਟੀ ਕੁੜੀ ਲਈ ਕੁਛ ਦੇ ਦੇ।

ਪਾਲੋ : ਫਟਾ ਫਟ ਕਰ, ਮਖਾਣਿਆਂ ਦੀ ਝੋਲੀ ਭਰ ਕੇ ਲੈ ਜਾ। ਅੱਜ ਨਹੀਂ ਉਹਨੂੰ ਕੁਛ ਪਤਾ ਲੱਗਣਾ।



WWW.SIKHBOOKCLUB.COM 

ਅੰਦਰੋਂ ਆਵਾਜ਼ : ਨੀ ਹੁਕਮੀਏ!

ਪਾਲੋ : ਬੇਬੇ ਐ। ਜਿੰਦਰਾ ਨਰਮ ਤਾਂ ਨਈਂ?

ਪਹਿਲੀ ਨੌਕਰਾਣੀ : ਨਈਂ ਮੈਂ ਚਾਬੀ ਦੇ ਦੋ ਗੇੜੇ ਦਿੱਤੇ ਹੋਏ ਆ।

ਪਾਲੋ : ਸੀਖ ਨੂੰ ਵੀ ਉੱਪਰ ਕਰ ਦੇ। ਇਸ ਬੁੜ੍ਹੀ ਦੀਆਂ ਉਂਗਲਾਂ ਜਿੰਦਰੇ-ਭੰਨਾਂ ਵਰਗੀਆਂ।

ਅੰਦਰੋਂ ਆਵਾਜ਼ : ਹੁਕਮੀਏ!

ਪਾਲੋ : *(ਚੀਕ ਕੇ)* ਉਹ ਆ ਗਈ।

*(ਨੌਕਰਾਣੀ ਨੂੰ)* : ਸਭ ਕੁਝ ਚੰਗੀ ਤਰ੍ਹਾਂ ਸਾਫ਼ ਕਰ ਦੇ। ਜੇ ਹੁਕਮੀ ਨੇ ਕੋਈ ਵੀ ਚੀਜ਼ ਦੇਖ ਲਈ, ਜਿਹੜੀ ਝਮ ਝਮ ਨਾ ਕਰਦੀ ਹੋਈ ਤਾਂ ਉਹਨੇ ਜਿਹੜੇ ਮੇਰੇ ਦੋ ਵਾਲ ਸਿਰ ਤੇ ਰਹਿ ਗਏ ਉਹ ਵੀ ਪੁੱਟ ਦੇਣੇ ਐ।

ਨੌਕਰਾਣੀ : ਅਜੀਬ ਜ਼ਨਾਨੀ ਆਂ, ਸਾਰਿਆਂ 'ਤੇ ਜ਼ੁਲਮ ਢਾਉਂਦੀ ਐ। ਬਾਰਾਂ ਮਹੀਨੇ ਤੁਹਾਡੇ ਕਾਲਜੇ 'ਤੇ ਬੈਠੀ ਰਹਿੰਦੀ ਐ। ਕਾਲੇ ਮੂੰਹ ਵਾਲੀ। ਅਹੁ ਕੌਲੀਆਂ ਚੰਗੀ ਤਰ੍ਹਾਂ ਸਾਫ਼ ਕਰ ਦੇ।

ਨੌਕਰਾਣੀ : ਮੇਰਿਆਂ ਤਾਂ ਪੋਟਿਆਂ 'ਚੋਂ ਲਹੂ ਵੀ ਸਿੰਮਣ ਡਹਿ ਪਿਆ ਹਰ ਚੀਜ਼ ਦੀ ਪੋਚਾ ਪਾਚੀ ਕਰਦਿਆਂ।

ਪਾਲੋ : ਸਭ ਤੋਂ ਸਾਫ਼ ਸੁਥਰੀ ਵੀ ਏਹੋ ਈ ਐ, ਸਭ ਤੋਂ ਵਧੀਆ ਵੀ ਏਹੋ ਈ ਐ, ਸਭ ਤੋਂ ਉੱਚੀ-ਸੁੱਚੀ ਵੀ ਏਹੋ ਐ, ਸਭ ਕੁਝ ਏਹੋ ਈ ਐ। ਚੰਗਾ ਹੋਇਆ ਇਹਦਾ ਖਸਮ ਮਰ ਗਿਆ, ਵਿਚਾਰਾ ਛੁੱਟ ਗਿਆ

*(ਵੈਣਾਂ ਦੀ ਆਵਾਜ਼ ਬੰਦ ਹੋ ਜਾਂਦੀ ਹੈ)*

ਨੌਕਰਾਣੀ : ਉਂਜ ਅਫਸੋਸ ਕਰਨ ਸਾਰੇ ਈ ਆਏ ਆ।

ਪਾਲੋ : ਸਾਰੇ ਇਹਦੇ ਹੀ ਆਏ ਆ, ਘਰ ਵਾਲੇ ਦਾ ਕੋਈ ਨਹੀਂ ਆਇਆ। ਉਹ ਤਾਂ ਇਹਨੂੰ ਨਫ਼ਰਤ ਕਰਦੇ ਨੇ। ਉਹ ਤਾਂ ਓਦ੍ਹਾ ਮਰੇ ਦਾ ਮੂੰਹ ਦੇਖਣ ਆਏ ਤੇ ਸੱਥਰ 'ਤੇ ਗੋਡਾ ਨਿਵਾਉਣ।

ਨੌਕਰਾਣੀ : ਸਫ਼ਾਂ ਤਾਂ ਨਈਂ ਥੁੜੀਆਂ?

ਪਾਲੋ : ਥੁੜੀਆਂ ਛੱਡਕੇ ਵਧ ਗਈਆਂ। ਜਦੋਂ ਦਾ ਹੁਕਮੀ ਦਾ



WWW.SIKHBOOKCLUB.COM

ਪਿਉ ਮਰਿਆ, ਲੋਕਾਂ ਇਹਦੇ ਘਰ ਆਉਣਾ ਛੱਡ ਦਿੱਤਾ। ਇਹ ਚਾਹੁੰਦੀ ਵੀ ਨਈਂ ਲੋਕ ਇਹਦੀ ਸਲਤਨਤ 'ਚ ਆ ਕੇ ਇਹਨੂੰ ਦੇਖਣ। ਲਾਹਨਤ ਐ ਇਹੋ ਜਿਹੇ ਬੰਦੇ 'ਤੇ।

ਨੌਕਰਾਣੀ : ਤੇਰਾ ਤਾਂ ਇਹ ਭਲਾ ਈ ਕਰਦੀ ਰਹੀ ਐ ਪਾਲੋ।

ਪਾਲੋ : ਤੀਹ ਸਾਲ ਇਹਦੇ ਕੱਪੜੇ ਧੋਤੇ, ਤੀਹ ਸਾਲ ਇਹਦੇ ਜੂਠੇ ਟੁੱਕੜ ਖਾਧੇ। ਇਹਨੂੰ ਮਾੜੀ ਜਿਹੀ ਖੰਘ ਹੁੰਦੀ ਤਾਂ ਮੈਂ ਰਾਤਾਂ ਜਾਗ ਕੇ ਕੱਢਦੀ। ਸਾਰਾ ਦਿਨ ਗੁਆਂਢੀਆਂ ਦੀਆਂ ਝੀਥਾਂ ਚੋਂ ਝਾਕ-ਝਾਕ ਲੋਕਾਂ ਦੀ ਜਸੂਸੀ ਕਰਦੀ ਤੇ ਇਹਨੂੰ ਕਹਾਣੀਆਂ ਸੁਣਾਉਂਦੀ। ਲੋਕਾਂ ਦੇ ਸਾਰੇ ਭੇਤ ਮੈਂ ਇਹਦੇ ਨਾਲ ਸਾਂਝੇ ਕੀਤੇ, ਫੇਰ ਵੀ ਲਾਹਨਤ ਐ ਇਹਦੇ 'ਤੇ। ਇਹਦੀਆਂ ਅੱਖਾਂ 'ਚ ਕਿੱਲ ਠੁਕਣ ਰੱਬ ਕਰਕੇ।

ਨੌਕਰਾਣੀ : ਨੀ ਪਾਲੋ, ਛੱਡ ਪਰ੍ਹੇ।

ਪਾਲੋ : ਕੁੱਤਿਆਂ ਵਰਗੀ ਮੇਰੀ ਜ਼ਿੰਦਗੀ ਏਦ੍ਹੇ ਆਖੇ ਮੰਗਤਿਆਂ ਦੀਆਂ ਅੱਡੀਆਂ ਵੱਢ ਖਾਣੀਆਂ, ਏਦ੍ਹੇ ਖੇਤਾਂ 'ਚ ਮੇਰੇ ਪੁੱਤ ਕੰਮ ਕਰਦੇ ਬੁੱਢੇ ਹੋ ਗਏ- ਪਰ ਹੁਣ ਮੈਂ ਤਾਂ ਇਹ ਸਾਰਾ ਲਟਾਕਾ ਛੱਡ ਦੇਣਾ।

SIKHBOOKCLUB.COM

ਨੌਕਰਾਣੀ : ਫੇਰ?

ਪਾਲੋ : ਮੈਂ ਕਿਸੇ ਦਿਨ ਇਹਨੂੰ ਨਾਲ ਲੈ ਕੇ ਕਮਰੇ 'ਚ ਵੜ ਕੇ ਤਾਲਾ ਮਾਰ ਲੈਣਾ। ਏਦ੍ਹੇ ਮੂੰਹ 'ਤੇ ਥੁੱਕਣਾ ਸਾਰਾ ਸਾਲ-ਲੈ ਹੁਕਮੀਏ ਅਹਿ ਓਦਣ ਦਾ, ਅਹਿ ਓਦਣ ਦਾ! ਅਹਿ ਏਸ ਗੱਲ ਦਾ- ਅਹਿ ਓਸ ਗੱਲ ਦਾ। ਏਦ੍ਹੇ ਨਾਲ ਐਹੋ ਜਿਹੀ ਕਰਕੇ ਛੱਡੂੰ ਜਿਹੋ ਜਿਹੀ ਨਿਆਣੇ ਲੱਕ-ਟੁੱਟੇ ਵਾਢੂ ਕੁੱਤੇ ਨਾਲ ਕਰਦੇ ਆ। ਇਹ ਹੈ ਵੀ ਵਾਢੂ ਕੁੱਤੀ। ਇਹ ਵੀ ਤੇ ਇਹਦਾ ਸਾਰਾ ਟੱਬਰ ਵੀ। ਉਂਜ ਮੈਨੂੰ ਇਹਦੇ ਨਾਲ ਕੋਈ ਖਾਰ ਨਹੀਂ, ਪੰਜ ਇਹਦੀਆਂ ਕੁੜੀਆਂ ਪੰਜੇ ਬਦਸੂਰਤ। ਉਹ ਤਾਂ ਬਹੁਤੀ ਬਦਸ਼ਕਲ ਐ ਜਿਹੜੀ ਪਹਿਲੇ ਖਸਮ ਨਾਲ ਰਹਿੰਦਿਆਂ ਪੈਦਾ ਹੋਈ। ਉਹਦੇ ਕੋਲ ਜ਼ਮੀਨ ਜਾਇਦਾਦ ਬਹੁਤ ਸੀ ਪਰ ਉਹ ਸਾਰੀ ਆਪਣੀ ਧੀ ਜੋਗੀ

ਦੇ ਨਾਂ ਲਾ ਗਿਆ।

ਨੌਕਰਾਣੀ : ਮੇਰਾ ਜੀਅ ਕਰਦਾ ਐ ਇਹ ਸਭ ਕੁਝ ਮੇਰੇ ਕੋਲ ਵੀ ਹੋਵੇ।

ਪਾਲੋ : ਸਾਡੇ ਕੋਲ ਤਾਂ ਹੱਥ ਨੇ ਜਾਂ ਰੱਬ ਦੀ ਧਰਤੀ 'ਚ ਇੱਕ ਖੁੱਡ।

ਨੌਕਰਾਣੀ : ਬੱਸ ਓਹੀ ਖੁੱਡ ਸਾਡੇ ਲਈ ਇਹ ਛੱਡਦੇ ਆ, ਸਾਡੇ ਲਈ ਜਿਹਨਾਂ ਕੋਲ ਕੁਝ ਵੀ ਨਈਂ।

ਪਾਲੋ : ਏਸ ਗਲਾਸ 'ਤੇ ਦਾਗ ਆ।

ਨੌਕਰਾਣੀ : ਇਹ ਨਈਂ ਲੱਥਦੇ, ਨਾ ਸਾਬਣ ਨਾਲ, ਨਾ ਟਾਕੀ ਨਾਲ। *(ਮਕਾਣ ਦੀ ਆਵਾਜ਼)*

ਪਾਲੋ : ਲੈ ਹੋਰ ਮਕਾਣ ਆ ਗਈ। ਇਹ ਜੰਡਾਲੀ ਤੋਂ ਆਈ ਲਗਦੀ ਐ। ਇਹਨਾਂ ਦੀ ਨੈਣ ਬਹੁਤ ਸੋਹਣੇ ਵੈਣ ਪਾਉਂਦੀ ਐ, ਉਹਦੀ ਆਵਾਜ਼ ਏਦਾਂ ਉੱਚੀ ਹੀ ਉੱਚੀ ਹੋ ਜਾਂਦੀ ਐ ਜਿਵੇਂ ਹੌਲੀ ਹੌਲੀ ਘੜਾ ਪਾਣੀ ਨਾਲ ਭਰੀ ਜਾਂਦਾ ਐ, ਭਾਵੇਂ ਅਖੀਰ 'ਚ ਇਹਦੀ ਆਵਾਜ਼ ਪਾਟਣ ਲੱਗ ਪੈਂਦੀ ਐ ਫਿਰ ਵੀ ਇਹਨੂੰ ਸੁਣਕੇ ਮਜ਼ਾ ਆ ਜਾਂਦਾ। ਮੇਰੇ ਤਾਏ ਦੀ ਮਕਾਣ 'ਤੇ ਇਹਨੇ ਵੈਣ ਪਾਏ, ਪੁੱਛੋ ਨਾ, ਕੰਧਾਂ ਕੰਬ ਗਈਆਂ। ਜਦੋਂ ਇਹਨੇ ਉੱਚੀ ਆਵਾਜ਼ ਵਿਚ ਹਾਏ ਵੇ ਸ਼ੇਰਾ ਕਿਹਾ, ਤਾਂ ਏਦਾਂ ਲੱਗਦਾ ਸੀ ਜਿਵੇਂ ਅਸਮਾਨ ਵਿੱਚ ਛੇਕ ਪਾ ਰਹੀ ਹੋਵੇ।

*(ਉਹਦੀ ਨਕਲ ਲਾਉਂਦੀ ਹੋਈ)* ਹਾਏ ਵੇ ਸ਼ੇਰਾ।

ਨੌਕਰਾਣੀ : ਤੇਰਾ ਸੰਗ ਪਾਟ ਜਾਣਾ।

ਪਾਲੋ : ਪਾਟ ਜਾਵੇ ਜੋ ਪਾਟਦਾ।

*(ਹੱਸਦੀ ਹੋਈ ਬਾਹਰ ਚਲੀ ਜਾਂਦੀ ਹੈ। ਵੈਣਾਂ ਦੀਆਂ ਆਵਾਜ਼ ਹੋਰ ਨੇੜੇ ਆਉਂਦੀ ਹੈ। ਨੌਕਰਾਣੀ ਬਰਤਨ ਸਾਫ਼ ਕਰਦੀ ਹੈ।)*

ਨੌਕਰਾਣੀ : *(ਵੈਣਾਂ ਦੀ ਸਾਂਗ ਲਾਉਂਦਿਆਂ)* ਹਾਏ ਵੇ ਸ਼ੇਰਾ, ਹਾਏ ਵੇ ਸ਼ੇਰਾ।

ਮੰਗਤੀ : *(ਨਿੱਕੀ ਜਿਹੀ ਕੁੜੀ ਨਾਲ ਬੂਹੇ 'ਤੇ)* ਰੱਬ ਭਲਾ ਕਰੇ।

ਨੌਕਰਾਣੀ : ਹਾਏ ਵੇ ਸ਼ੇਰਾ, ਮੇਰਾ ਖਿਆਲ ਐ ਸ਼ੇਰ ਨੂੰ ਪਰਲੋਕ 'ਚ ਸਾਡੀ



WWW.SIKHBOOKCLUB.COM 

ਬੜੇ ਸਾਲ ਉਡੀਕ ਕਰਨੀ ਪੈਣੀ ਆਂ।

ਮੰਗਤੀ : *(ਉੱਚੀ ਆਵਾਜ਼ ਵਿਚ ਕੁਝ ਖਿਝ ਕੇ)* ਮੈਂ ਕਿਹਾ ਰੱਬ ਭਲਾ ਕਰੇ।

ਨੌਕਰਾਣੀ : *(ਤੰਗ ਪੈ ਕੇ)* ਹਾਂ ਹਾਂ ਹਮੇਸ਼ਾਂ ਲਈ ਭਲਾ ਕਰੇ। ਹਮੇਸ਼ਾਂ ਲਈ ਭਲਾ ਕਰੇ।

ਮੰਗਤੀ : ਮੈਂ ਭਿੱਖਿਆ ਲਈ ਆਈ ਆਂ, ਕੁਝ ਬਚਿਆ ਖੁਚਿਆ ਦੇ ਦਿਓ।

ਨੌਕਰਾਣੀ : ਜਿਧਰੋਂ ਆਈ ਐਂ ਓਧਰ ਈ ਚਲੀ ਜਾ। ਅੱਜ ਬਚਿਆ ਖੁਚਿਆ ਜੋ ਵੀ ਆ ਮੇਰੇ ਲਈ ਆ।

ਮੰਗਤੀ : ਤੇਰਾ ਤਾਂ ਕੋਈ ਰੱਖਣ ਵਾਲਾ ਆ। ਮੈਂ ਤੇ ਮੇਰੀ ਬੱਚੀ ਬਿਲਕੁਲ ਕੱਲੀਆਂ ਆਂ।

ਨੌਕਰਾਣੀ : ਕੁੱਤੇ ਵੀ 'ਕੱਲੇ ਆ ਉਹ ਵੀ ਜਿਉਂਦੇ ਆ।

ਮੰਗਤੀ : ਕੁੱਤਿਆਂ ਨੂੰ ਵੀ ਕੋਈ ਕੁਛ ਪਾਉਂਦਾ ਈ ਐ।

ਨੌਕਰਾਣੀ : ਦਫ਼ਾ ਹੋ ਜਾ, ਤੈਨੂੰ ਅੰਦਰ ਕਿਹਨੇ ਵੜਨ ਦਿੱਤਾ, ਘਰ ਨੂੰ ਸ਼ਾਮਲਾਟ ਈ ਸਮਝ ਰੱਖਿਆ।

*(ਮੰਗਤੀ ਤੇ ਬੱਚੀ ਚਲੇ ਜਾਂਦੇ ਹਨ, ਨੌਕਰਾਣੀ ਭਾਂਡੇ ਮਾਂਜੀ ਜਾਂਦੀ ਐ)* ਚਮਕਦੀਆਂ ਫਰਸ਼ਾਂ, ਲਿਸ਼ਕਦੇ ਚੌਂਕੇ ਚੁੱਲ੍ਹੇ, ਸ਼ੀਸ਼ਿਆਂ ਵਾਲੇ ਪਲੰਘ, ਪਰ ਸਾਡੀ ਨੌਕਰਾਂ ਦੀ ਜ਼ਿੰਦਗੀ, ਚੁੱਪ ਚਾਪ ਦੁੱਖ ਸਹਿਣੇ, ਕੁੱਲੀਆਂ 'ਚ ਰਹਿਣਾ, ਚਾਰ ਭਾਂਡੇ ਇਕ ਚੁੱਲ੍ਹਾ। ਸਾਡੇ ਦੁੱਖ ਸਮਝਣ ਵਾਲਾ ਕੋਈ ਵੀ ਨਹੀਂ।

*(ਵੈਣਾਂ ਦੀ ਆਵਾਜ਼ ਆਉਂਦੀ ਹੈ)*

ਹਾਂ ਹਾਂ ਵੈਣ ਪਾਵੋ, ਖੂਬ ਵੈਣ ਪਾਵੋਂ। ਸੁਨਹਿਰੀ ਝਾਲਰ ਲਾ ਕੇ ਰੇਸ਼ਮ ਵਿਚ ਲਪੇਟ ਕੇ ਤੇਰੀ ਸਿੜ੍ਹੀ ਸਜਾਈ ਵੇ। ਜੋ ਆਉਂਦਾ ਹੈ ਝੱਲੀ ਚੱਲ, ਜਾਗਰਾ ਜਗੀਰਦਾਰਾ, ਆਪਣੀ ਐਚਕਨ ਵਿਚ ਆਕੜਿਆ ਰਹਿ। ਤਿੱਲੇਦਾਰ ਜੁੱਤੀ ਪਾਈ ਰੱਖ। ਤੂੰ ਦੁਨੀਆਂ ਤੋਂ ਚਲਾ ਗਿਆ ਵੇ, ਤੂੰ ਫੇਰ ਕਦੇ ਕੁੰਡਿਆਂ ਵਾਲੇ ਬੂਹੇ ਪਿੱਛੇ ਘੱਗਰੀ ਨਈਂ ਚੁੱਕਣੀ ਵੇ।



WWW.SIKHBOOKCLUB.COM 

*(ਡਿਉੜੀ ਵੱਲੋਂ ਦੌ ਦੌ ਹੋ ਕੇ ਅਫਸੋਸ ਕਰਨ ਵਾਲੀਆਂ ਔਰਤਾਂ ਆਉਂਦੀਆਂ ਹਨ, ਉਹਨਾਂ ਨੇ ਚਿੱਟੇ ਦੁਪੱਟੇ ਉੱਪਰ ਲਏ ਹੋਏ ਆ, ਕਾਲੇ ਘੱਗਰੇ ਪਾਏ ਹੋਏ ਆ, ਘਰ ਉਹਨਾਂ ਨਾਲ ਭਰ ਜਾਂਦਾ ਹੈ।)*

*(ਕੁਝ ਦੇਰ ਖੜੀਆਂ ਹੋ ਕੇ ਵੈਣ ਪਾਉਂਦੀਆਂ, ਫੇਰ ਬੈਠ ਜਾਂਦੀਆਂ ਹਨ।)*

ਨੌਕਰਾਣੀ : *(ਵੈਣ ਪਾਉਂਦੀ ਹੋਈ)* ਹਾਏ ਵੇ ਰਾਜਿਆ, ਹੁਣ ਤੂੰ ਇਹ ਕੰਧਾਂ ਕਦੇ ਨਈਂ ਵੇਖਣੀਆਂ, ਕਦੀ ਇਸ ਘਰ 'ਚ ਬੁਰਕੀ ਨਈਂ ਤੋੜਨੀ, ਮੈਂ ਤੇਰੀ ਸੇਵਾ ਕੀਤੀ ਵੇ, ਤੇਰੀਆਂ ਸਾਰੀਆਂ ਟਹਿਲਣਾਂ ਤੋਂ ਵੱਧ ਕੇ ।

*(ਆਪਣੇ ਵਾਲ ਖੋਲ੍ਹਦੀ ਹੋਈ)*

ਤੇਰੇ ਮਗਰੋਂ ਜਹਾਨ 'ਤੇ ਕੀ ਜੀਣਾ ਵੇ।

*(ਔਰਤਾਂ ਅੰਦਰ ਆ ਜਾਂਦੀਆਂ ਹਨ। ਹੁਕਮੀ ਤੇ ਉਹਦੀਆਂ ਪੰਜ ਧੀਆਂ ਅੰਦਰ ਆਉਂਦੀਆਂ ਹਨ। ਹੁਕਮੀ ਡੰਗੋਰੀ 'ਤੇ ਝੁਕੀ ਹੋਈ ਆ।)*

ਹੁਕਮੀ : *(ਨੌਕਰਾਣੀ ਨੂੰ)* ਚੁੱਪ ਕਰ ਚੁੱਪ ਕਰ।

ਨੌਕਰਾਣੀ : *(ਰੋਂਦੀ ਹੋਈ)* ਹਾਏ ਬੀਬੀ ਜੀ ਚੁੱਪ ਨਈਂ ਕਰ ਹੁੰਦਾ।

ਹੁਕਮੀ : ਚੀਕਾਂ ਘੱਟ ਮਾਰ, ਕੰਮ ਜ਼ਿਆਦਾ ਕਰ। ਅਜੇ ਤੱਕ ਸਾਰੇ ਭਾਂਡੇ ਸਾਫ ਨਈਂ ਹੋਏ। ਜਾਹ ਦਫ਼ਾ ਹੋ ਜਾ, ਏਥੇ ਤੇਰਾ ਕੋਈ ਕੰਮ ਨਈਂ।

*(ਨੌਕਰਾਣੀ ਰੋਂਦੀ ਰੋਂਦੀ ਚਲੀ ਜਾਂਦੀ ਐ)*

ਗਰੀਬ ਪਸ਼ੂਆਂ ਵਰਗੇ ਹੁੰਦੇ ਆ। ਇਹ ਤਾਂ ਹੋਰ ਈ ਮਿੱਟੀ ਦੇ ਬਣੇ ਹੋਏ ਹੁੰਦੇ ਆ।

ਇੱਕ ਔਰਤ : ਗਰੀਬਾਂ ਨੂੰ ਵੀ ਦੁੱਖ ਤਾਂ ਮਹਿਸੂਸ ਹੁੰਦਾ।

ਹੁਕਮੀ : ਪਰ ਥਾਲੀ ਸਾਹਮਣੇ ਭੁੱਲ ਜਾਂਦਾ।

ਇਕ ਕੁੜੀ : *(ਡਰੀ ਹੋਈ)* ਪਰ ਖਾਣਾ ਤਾਂ ਜੀਣ ਲਈ ਜ਼ਰੂਰੀ ਐ ਤਾਈ ਜੀ।

ਹੁਕਮੀ : ਤੇਰੀ ਉਮਰ ਦੇ ਬੱਚੇ ਵੱਡਿਆਂ ਸਾਹਮਣੇ ਨਈਂ ਬੋਲਦੇ ਹੁੰਦੇ।



WWW.SIKHBOOKCLUB.COM 

ਔਰਤ : ਚੁੱਪ ਕਰ ਕੁੜੀਏ।

ਹੁਕਮੀ : ਮੈਂ ਕਦੀ ਕਿਸੇ ਕੋਲੋਂ ਸਬਕ ਨਹੀਂ ਲਿਆ। ਬੈਠ ਜਾਓ।
*(ਉਹ ਬੈਠ ਜਾਂਦੇ ਹਨ- ਵਕਫ਼ਾ-ਉੱਚੀ)*
ਦੀਪੋ ਮੈਂ ਤੈਨੂੰ ਕਿਹਾ - ਰੋ ਨਾ- ਜੇ ਰੋਣੈ ਤਾਂ ਜਾਹ ਅੰਦਰ ਚਲੀ ਜਾਹ। ਸੁਣਿਆ?

ਪਹਿਲੀ ਔਰਤ : ਸਿਹਤ ਤਾਂ ਅਜੇ ਸੁਹਣੀ ਸੀ।

ਹੁਕਮੀ : ਸਿਹਤ ਤਾਂ ਸੁਹਣੀ ਸੀ ਪਰ ਆਪਾਂ ਹੁਣ ਕੁਝ ਹੋਰ ਗੱਲ ਕਰੀਏ।

ਦੂਜੀ ਔਰਤ : ਐਤਕੀਂ ਗਰਮੀ ਬਹੁਤ ਐ।

ਹੁਕਮੀ : ਹਾਂ।

ਤੀਜੀ ਔਰਤ : ਸੂਰਜ ਭੱਠੀ ਵਾਂਗ ਤਪਦਾ।

ਪਹਿਲੀ ਔਰਤ : ਮੈਂ ਏਨੇ ਸਾਲਾਂ 'ਚ ਕਦੀ ਏਨੀ ਧੁੱਪ ਨਈਂ ਦੇਖੀ।
*(ਵਕਫ਼ਾ - ਸਾਰੇ ਪੱਖੀਆਂ ਝੱਲਦੇ ਨੇ)*

ਹੁਕਮੀ : ਮਿੱਠਾ ਪਾਣੀ ਤਿਆਰ ਐ?

ਪਾਲੋ : ਹਾਂ ਬੀਬੀ ਜੀ।
*(ਜੱਗ ਤੇ ਗਲਾਸ ਲਿਆ ਕੇ ਪਾਣੀ ਪਿਲਾਉਂਦੀ ਹੈ)*

ਹੁਕਮੀ : ਬਾਹਰ ਆਦਮੀਆਂ ਨੂੰ ਵੀ ਦੇ ਆ।

ਪਾਲੋ : ਉਹਨਾਂ ਨੂੰ ਪਹਿਲਾਂ ਹੀ ਦੇ ਦਿੱਤਾ।

ਇਕ ਕੁੜੀ : *(ਤਾਰੋ ਨੂੰ)* ਦਿਲਬਾਗ ਵੀ ਉਥੇ ਸੀ, ਉਨ੍ਹਾਂ ਵਿਚ।

ਤਾਰੋ : ਹਾਂ ਮੈਂ ਦੇਖਿਆ ਸੀ।

ਹੁਕਮੀ : ਓਦ੍ਹੀ ਮਾਂ ਉਥੇ ਸੀ। ਏਨੇ ਉਹਦੀ ਮਾਂ ਨੂੰ ਦੇਖਿਆ। ਦਿਲਬਾਗ ਨੂੰ ਤਾਂ ਨਾ ਮੈਂ ਦੇਖਿਆ, ਨਾ ਇਹਨੇ ਦੇਖਿਆ।

ਕੁੜੀ : ਮੈਂ ਸੋਚਿਆ.........

ਹੁਕਮੀ : ਉਥੇ ਦਿਲਬਾਗ ਵੀ ਸੀ। ਤੇਰੀ ਚਾਚੀ ਨਾਲ ਉਹਦਾ ਬੜਾ ਸਹੇਲ ਹੈ। ਅਸੀਂ ਸਾਰਿਆਂ ਨੇ ਉਹਨੂੰ ਵੇਖਿਆ।

ਦੂਜੀ ਔਰਤ : *(ਉਹਲੇ, ਹੌਲੀ ਆਵਾਜ਼ ਵਿੱਚ)*-ਕਮੀਨੀ, ਕਮੀਨੀਆਂ ਤੋਂ ਵੀ ਵੱਧ।

ਤੀਜੀ ਔਰਤ : *(ਉਹਲੇ)* ਕੈਂਚੀ ਵਰਗੀ ਜ਼ਬਾਨ ਐ।

ਹੁਕਮੀ : ਜ਼ਨਾਨੀਆਂ ਤਾਂ ਰੱਬ ਦੇ ਘਰ ਜਾ ਕੇ ਵੀ ਏਧਰ ਓਧਰ ਦੇਖਣੋਂ ਨਹੀਂ ਹਟਦੀਆਂ। ਜਦ ਕਿ ਚਾਹੀਦਾ ਤਾਂ ਇਹ ਹੈ ਕਿ ਕਿਸੇ ਹੋਰ ਮਰਦ ਨੂੰ ਨਾ ਦੇਖਣ ਸਿਰਫ ਭਾਈ ਜੀ ਜਾਂ ਪੰਡਤ ਨੂੰ ਦੇਖਣ

ਪਹਿਲੀ ਔਰਤ : *(ਉਹਲੇ)* ਪਖੰਡਣ, ਬੁੱਢੀ ਨਾਗਣ।

ਪਾਲੋ : *(ਉਹਲੇ, ਦੰਦਾਂ ਵਿਚ ਚਿੱਥ ਚਿੱਥ ਕੇ)* ਮਰਦ ਦੇ ਨਿੱਘ ਲਈ ਏਦ੍ਹੇ ਜਲੂਣ ਹੁੰਦੀ ਐ।

ਹੁਕਮੀ : ਓਹ ਰੱਬਾ ਮੇਰਿਆ।

ਇੱਕ ਔਰਤ : ਅੱਛਾ ਭੈਣੇ, ਰੱਬ ਉਹਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

ਦੂਜੀ ਔਰਤ : ਬੜੀ ਨੇਕ ਰੂਹ ਸੀ।

ਹੋਰ ਔਰਤ : ਜਾਨ ਵੀ ਸੰਤਾਂ ਵਾਂਗ ਨਿਕਲੀ ਆ। ਬੱਸ ਜਿਵੇਂ ਪਿੰਜਰਾ ਖੁੱਲ੍ਹ ਜਾਵੇ ਤੇ ਪੰਛੀ ਉਡ ਜਾਵੇ।

ਦੂਜੀ ਔਰਤ : ਅੱਛਾ ਪਰਮਾਤਮਾ ਹੁਣ ਤੁਹਾਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

*(ਜਾਣਾ ਸ਼ੁਰੂ ਕਰਦੀਆਂ ਹਨ)*

SIKHBOOKCLUB.COM

ਇਕ ਔਰਤ : ਭਾਵੇਂ ਤੈਨੂੰ ਧਨ ਦੌਲਤ ਦੀ ਤਾਂ ਕੋਈ ਤੋਟ ਨਹੀਂ ਆਉਣੀ। ਰੱਬ ਦਾ ਦਿੱਤਾ ਬਹੁਤ ਕੁਸ਼ ਐ। ਪਰ ਗਏ ਬੰਦੇ ਮੁੜ ਕੇ ਨਹੀਂ ਮਿਲਦੇ।

ਇਕ ਔਰਤ : ਹੁਣ ਤਾਂ ਰੱਬ ਅੱਗੇ ਏਹੀ ਅਰਦਾਸ ਐ ਧੀਆਂ ਨੂੰ ਚੰਗੇ ਵਰ ਮਿਲ ਜਾਣ।

ਇਕ ਹੋਰ : ਉਹ ਤਾਂ ਮਿਲ ਈ ਜਾਣੇ ਆਂ, ਘਰ ਚੰਗਾ ਹੋਵੇ ਤਾਂ ਵਰ ਮਿਲ ਹੀ ਜਾਂਦੇ ਆ।

ਹੁਕਮੀ : ਏਹੀ ਤਾਂ ਮੇਰੀ ਚਿੰਤਾ ਐ, ਸਾਡੇ ਖ਼ਾਨਦਾਨ ਵਰਗਾ ਨੇੜੇ ਤੇੜੇ ਖ਼ਾਨਦਾਨ ਕੋਈ ਨਹੀਂ। ਆਮ ਜੱਟਾਂ ਨੂੰ ਕਿਵੇਂ ਧੀਆਂ ਦੇ ਦਿਆਂ?

*(ਦੀਪੋ ਦਾ ਰੋਣ ਨਿਕਲ ਜਾਂਦਾ ਹੈ)*

ਹੁਕਮੀ : ਮੈਂ ਤੈਨੂੰ ਕਿੰਨੀ ਵਾਰ ਕਿਹਾ, ਮੈਨੂੰ ਰੋਣਾ ਚੰਗਾ ਨਹੀਂ ਲੱਗਦਾ।

*(ਸਾਰੀਆਂ ਔਰਤਾਂ ਜਾ ਚੁੱਕੀਆਂ ਹਨ)*

ਹੁਕਮੀ : ਚਲੋ ਇਹ ਮਕਾਣ ਵੀ ਭੁਗਤ ਗਈ। ਜਾਓ ਆਪਣੇ ਘਰਾਂ ਨੂੰ ਜਾਓ ਤੇ ਜਾ ਕੇ ਮੇਰੀਆਂ ਚੁਗਲੀਆਂ ਕਰੋ। ਮੇਰਾ ਖ਼ਿਆਲ ਐ ਹੁਣ ਤੁਹਾਨੂੰ ਬੜੇ ਸਾਲ ਮੇਰੇ ਘਰ ਨਹੀਂ ਆਉਣਾ ਪੈਣਾ।

ਪਾਲੋ : ਤੈਨੂੰ ਕੋਈ ਗਿਲਾ ਗੁਜ਼ਾਰੀ ਹੋਣੀ ਤਾਂ ਨਹੀਂ ਚਾਹੀਦੀ, ਸਾਰਾ ਪਿੰਡ ਤਾਂ ਚੱਲਕੇ ਆਇਆ ਸੀ।

ਹੁਕਮੀ : ਆਹੋ, ਆਇਆ ਸੀ ਸਾਰਾ ਪਿੰਡ ਮੇਰੇ ਘਰ ਨੂੰ ਮੁੜ੍ਹਕੇ ਦੀ ਮੁਸ਼ਕ ਨਾਲ ਭਰਨ—ਆਪਣੀਆਂ ਗੰਦੀਆਂ ਜ਼ੁਬਾਨਾਂ ਦੀ ਜ਼ਹਿਰ ਘੋਲਣ।

ਤਾਰੋ : ਅੰਮਾਂ ਐਹੋ ਜਿਹੀਆਂ ਗੱਲਾਂ ਨਾ ਕਰ।

ਹੁਕਮੀ : ਹੋਰ ਕਿਸ ਤਰ੍ਹਾਂ ਦੀਆਂ ਗੱਲਾਂ ਕਰਾਂ ਇਨ੍ਹਾਂ ਸਰਾਪੇ ਪਿੰਡਾਂ ਦੇ ਲੋਕਾਂ ਬਾਰੇ, ਜਿਥੇ ਕੋਈ ਦਰਿਆ ਨਹੀਂ, ਖੂਹ ਈ ਖੂਹ ਨੇ। ਹਰ ਵੇਲੇ ਡਰ ਲੱਗਾ ਰਹਿੰਦਾ ਪਾਣੀ ਵਿਚ ਕੋਈ ਜ਼ਹਿਰ ਨਾ ਘੋਲ ਗਿਆ ਹੋਵੇ।

ਪਾਲੋ : ਦੇਖੋ ਫਰਸ਼ ਦਾ ਕੀ ਹਾਲ ਕੀਤਾ।

ਹੁਕਮੀ : ਜਿੰਦਾਂ ਕੋਈ ਬੱਕਰੀਆਂ ਦਾ ਇੱਜੜ ਲੰਘ ਕੇ ਗਿਆ ਹੋਵੇ।
*(ਪਾਲੋ ਫਰਸ਼ ਸਾਫ਼ ਕਰਦੀ ਹੈ)*
ਜੋਤੀ ਮੈਨੂੰ ਪੱਖੀ ਫੜਾਈਂ

ਜੋਤੀ : ਆਹ ਲਉ ਅੰਮਾਂ।
*(ਉਹ ਉਸਨੂੰ ਗੋਲ ਜਿਹੀ ਪੱਖੀ ਦੇਂਦੀ ਹੈ— ਜਿਸ ਉੱਤੇ ਲਾਲ ਤੇ ਹਰੇ ਫੁੱਲ ਹਨ।)*

ਹੁਕਮੀ : *(ਪੱਖੀ ਨੂੰ ਪਰ੍ਹਾਂ ਸੁੱਟਦੀ ਹੋਈ)* ਐਹੋ ਜਿਹੀ ਪੱਖੀ ਦੇਈਦੀ ਐ ਵਿਧਵਾ ਜ਼ਨਾਨੀਆਂ ਨੂੰ? ਕੋਈ ਸਿਆਨੀ ਜਿਹੀ ਪੱਖੀ ਦੇ। ਤੇ ਆਪਣੇ ਬਾਪੂ ਦਾ ਸੋਗ ਮਨਾਉਣਾ ਸਿੱਖ। ਮਕਾਣਾਂ ਆਉਣ ਦੇ ਦਿਨ ਨੇ।

ਕਿਰਨ : ਅਹਿ ਮੇਰੇ ਵਾਲੀ ਲੈ ਲਵੋ।

ਹੁਕਮੀ : ਤੇ ਤੂੰ?

ਕਿਰਨ : ਮੇਰਾ ਕੋਈ ਨਹੀਂ, ਮੇਰਾ ਜੁੱਸਾ ਗਰਮ ਨਹੀਂ।



WWW.SIKHBOOKCLUB.COM 

ਹੁਕਮੀ : ਹੋਰ ਪੱਖੀ ਲੱਭ ਲੈ, ਤੈਨੂੰ ਵੀ ਲੋੜ ਪਊਗੀ। ਸੱਤ ਅੱਠ ਦਿਨ ਏਦਾਂ ਹੀ ਰਹਿਣਾ, ਮਾਤਮ ਦੇ ਦਿਨਾਂ ਵਿਚ ਏਸ ਘਰ ਵਿਚ ਗਲੀ ਵਿਚੋਂ ਹਵਾ ਦਾ ਬੁੱਲਾ ਵੀ ਨਹੀਂ ਆਉਣਾ। ਤੇ ਹੁਣ ਤੁਸੀਂ ਅੰਦਰ ਬੈਠ ਕੇ ਚਾਦਰਾਂ ਤੇ ਕਢਾਈ ਕੱਢਿਆ ਕਰੋ।

ਦੀਪੋ : ਮੈਂ ਨਹੀਂ ਚਾਦਰਾਂ ਕੱਢਣੀਆਂ, ਮੈਂ ਕਾਹਦੇ ਲਈ ਚਾਦਰਾਂ ਕੱਢਣੀਆਂ, ਮੈਂ ਤਾਂ ਵਿਆਹ ਕਰਵਾਉਣਾ ਹੀ ਨਹੀਂ। ਮੈਨੂੰ ਟੋਕਰੀ ਢੋਣੀ ਜ਼ਿਆਦਾ ਚੰਗੀ ਲੱਗਦੀ ਐ, ਸਾਰਾ ਦਿਨ ਘਰੇ ਬੈਠੇ ਰਹਿਣ ਨਾਲੋਂ।

ਹੁਕਮੀ : ਔਰਤਾਂ ਨੂੰ ਘਰ ਬੈਠਣਾ ਈ ਸੋਭਦਾ।

ਦੀਪੋ : ਲਾਹਨਤ ਐ, ਔਰਤਾਂ 'ਤੇ।

ਹੁਕਮੀ : ਏਸ ਘਰ ਵਿਚ ਓਹੀ ਹੋਏਗਾ, ਜੋ ਮੈਂ ਕਹਾਂਗੀ। ਹੁਣ ਤੁਸੀਂ ਆਪਣੇ ਪਿਓ ਦੀ ਕੱਛ ਵਿਚ ਨਹੀਂ ਵੜ ਸਕਦੀਆਂ, ਮੇਰੀਆਂ ਸ਼ਿਕਾਇਤਾਂ ਲਾਉਣ। ਸੂਈ ਤੇ ਧਾਗਾ ਔਰਤਾਂ ਲਈ, ਢੱਗੇ ਤੇ ਪਰੈਣੀ ਮਰਦਾਂ ਲਈ। ਏਹੀ ਦਸਤੂਰ ਐ, ਓਨ੍ਹਾਂ ਲੋਕਾਂ ਦਾ ਜਿਹਨਾਂ ਦੀਆਂ ਕੁਝ ਜ਼ਿੰਮੇਵਾਰੀਆਂ ਨੇ।
*(ਚੰਨੋ ਬਾਹਰ ਚਲੀ ਜਾਂਦੀ ਹੈ)*

ਅੰਦਰੋਂ ਆਵਾਜ਼ : ਨੀ ਹੁਕਮੀਏ, ਮੈਨੂੰ ਬਾਹਰ ਕੱਢ।

ਹੁਕਮੀ : *(ਆਵਾਜ਼ ਦੇਂਦੀ ਹੋਈ)* ਇਹਨੂੰ ਬਾਹਰ ਕੱਢੋ।

ਪਹਿਲੀ ਨੌਕਰਾਣੀ : ਇਹਨੂੰ ਸੰਭਾਲਣਾ ਬੜਾ ਔਖਾ। ਅੱਸੀਆਂ ਦੀ ਹੋ ਗਈ, ਅਜੇ ਵੀ ਬੜੀ ਜਾਨ ਐਂ, ਟਾਹਲੀ ਦੀ ਲੱਕੜ ਵਾਂਗ ਪਈ ਐ।

ਹੁਕਮੀ : ਇਹ ਖ਼ਾਨਦਾਨ ਵਿਚ ਈ ਐ। ਮੇਰੀ ਨਾਨੀ ਵੀ ਇਹੋ ਜਿਹੀ ਸੀ।

ਨੌਕਰ : ਮੈਨੂੰ ਕਈ ਵਾਰ ਏਹਦੇ ਮੂੰਹ ਨੂੰ ਬੋਰੀ ਨਾਲ ਬੰਦ ਕਰਨਾ ਪਿਆ। ਇਹ ਤਾਂ ਰੌਲੀ ਪਾਵੇ- ਨੀ ਹੁਕਮੀਏ ਮੈਨੂੰ ਪੀਣ ਲਈ ਨਾਲੀ ਦਾ ਪਾਣੀ ਹੀ ਦੇ ਦੇ। ਨੀ ਮੈਨੂੰ ਕੁੱਤਿਆਂ ਦਾ ਗੋਸ਼ਤ ਈ ਦੇ ਦੇ। ਉਹ ਸਮਝਦੀ ਐ ਮੈਨੂੰ ਇਹ ਕੁੱਤਿਆ



WWW.SIKHBOOKCLUB.COM 

ਦਾ ਮੀਟ ਖੁਆਉਂਦੇ ਐ।

ਕਿਰਨ : ਬੜੀ ਕਮੀਨੀ ਐ ਇਹ।

ਹੁਕਮੀ : *(ਨੌਕਰ ਨੂੰ)* ਉਹਨੂੰ ਵਿਹੜੇ 'ਚ ਲੈ ਜਾ ਹਵਾਹਾਰੇ।

ਨੌਕਰ : ਕੱਲ੍ਹ ਏਨੇ ਪਟਾਰੀ ਚੋਂ ਕੱਢ ਕੇ ਛਾਪਾਂ ਤੇ ਬਲੌਰੀ ਜਾਮਨੀ ਝੁਮਕੇ ਪਾ ਲਏ ਤੇ ਕਹਿਣ ਲੱਗੀ - ਮੈਂ ਵਿਆਹ ਕਰਵਾਉਣਾ।

*(ਧੀਆਂ ਹੱਸਦੀਆਂ ਹਨ)*

ਹੁਕਮੀ : ਉਹਦੇ ਨਾਲ ਜਾ ਤੇ ਧਿਆਨ ਰੱਖੀਂ ਖੂਹੀ ਕੋਲ ਨਾ ਜਾਵੇ।

ਨੌਕਰ : ਤੁਸੀਂ ਡਰੋ ਨਾ, ਉਹ ਖੂਹੀ ਵਿਚ ਛਾਲ ਨਹੀਂ ਮਾਰਨ ਲੱਗੀ।

ਹੁਕਮੀ : ਮੈਂ ਏਸ ਗੱਲੋਂ ਨਹੀਂ ਡਰਦੀ।, ਮੈਂ ਡਰਦੀ ਆਂ ਉਹਨੂੰ ਗੁਆਂਢੀ ਦੇਖ ਲੈਣਗੇ ਆਪਣੀਆਂ ਖਿੜਕੀਆਂ ਵਿਚੋਂ।

*(ਨੌਕਰ ਜਾਂਦਾ ਹੈ)*

ਕਿਰਨ : ਅਸੀਂ ਕੱਪੜੇ ਬਦਲ ਲਈਏ?

ਹੁਕਮੀ : ਹਾਂ ਤਿਆਰ ਹੋ ਜਾਓ, ਪਰ ਦੇਖੋ ਇਕ ਗੱਲ ਤੁਹਾਨੂੰ ਦੱਸਾਂ, ਸਿਰਾਂ ਤੋਂ ਚੁੰਨੀਆਂ ਨਾ ਲਾਹਿਓ।

*(ਚੰਨੋ ਦਾਖ਼ਲ ਹੁੰਦੀ ਹੈ)*

ਤੇ, ਉਹ ਤਾਰੋ ਕਿੱਥੇ ਆ?

ਚੰਨੋ : ਉਹ ਪਿਛਲੇ ਬੂਹੇ ਦੀਆਂ ਝੀਥਾਂ ਵਿਚੋਂ ਬਾਹਰ ਦੇਖ ਰਹੀ ਸੀ। ਬੰਦੇ ਅਜੇ ਹੁਣੇ ਈਂ ਗਏ ਆ।

ਹੁਕਮੀ : ਤੇ ਤੂੰ ਕੀ ਕਰਨ ਗਈ ਸੀ, ਓਧਰ ਬੂਹੇ ਕੋਲ?

ਚੰਨੋ : ਮੈਂ ਦੇਖਣ ਗਈ ਸੀ ਕਿ ਕੁਕੜੀਆਂ ਨੇ ਆਂਡੇ ਦਿੱਤੇ ਕਿ ਨਹੀਂ?

ਹੁਕਮੀ : ਪਰ ਬੰਦੇ ਤਾਂ ਜਾ ਚੁੱਕੇ ਸੀ ਨਾ।

ਚੰਨੋ : ਥੋੜ੍ਹੇ ਜਿਹੇ ਅਜੇ ਖੜੇ ਸੀ।

ਹੁਕਮੀ : *(ਗੁੱਸੇ ਨਾਲ)* ਤਾਰੋ! ਨੀ ਤਾਰੋ!

ਤਾਰੋ : *(ਦਾਖ਼ਲ ਹੁੰਦਿਆਂ)* ਜੀ ਅੰਮਾਂ, ਕੁਝ ਚਾਹੀਦਾ?

ਹੁਕਮੀ : ਤੂੰ ਕੀਹਦੇ ਵੱਲ ਦੇਖ ਰਹੀ ਸੀ ਓਥੇ?

ਤਾਰੋ : ਕਿਸੇ ਵੱਲ ਵੀ ਨਹੀਂ।



WWW.SIKHBOOKCLUB.COM 

ਹੁਕਮੀ : ਖ਼ਾਨਦਾਨੀ ਕੁੜੀਆਂ ਨੂੰ ਇਹ ਸ਼ੋਭਾ ਦਿੰਦਾ ਕਿ ਆਪਣੇ ਪਿਉ ਦੇ ਸੋਗ ਦੇ ਦਿਨੀਂ ਕਿਸੇ ਮਰਦ ਮਗਰ ਭੱਜੀਆਂ ਫਿਰਨ ? ਜਵਾਬ ਦੇ। ਕਿਹਦੇ ਵੱਲ ਦੇਖ ਰਹੀ ਸੀ ਤੂੰ ?

ਤਾਰੋ : ਮੈਂ........?

ਹੁਕਮੀ : ਹਾਂ ਤੂੰ

ਤਾਰੋ : ਕਿਸੇ ਵੱਲ ਵੀ ਨਹੀਂ

ਹੁਕਮੀ : ਮੀਸਣੀ, ਮੌਮੋਠਗਣੀ

*(ਉਹਨੂੰ ਕੁੱਟਦੀ ਹੈ)*

ਪਾਲੋ : *(ਦੌੜੀ ਆਉਂਦੀ ਹੈ)* ਹੁਕਮੀਏ ਸ਼ਾਂਤੀ ਰੱਖ।

*(ਉਹ ਉਹਨੂੰ ਪਕੜਦੀ ਹੈ, ਤਾਰੋ ਰੋਂਦੀ ਹੈ।)*

ਹੁਕਮੀ : ਦਫ਼ਾ ਹੋ ਜਾਓ ਸਾਰੀਆਂ

*(ਉਹ ਸਭ ਜਾਂਦੀਆਂ ਹਨ)*

ਪਾਲੋ : ਵਿਚਾਰੀ ਨਿਆਣੀ ਐਂ, ਇਹਨੂੰ ਹਾਲੇ ਕੀ ਪਤਾ। ਭਾਵੇਂ ਗੱਲ ਮਾੜੀ ਹੀ ਐ। ਮੈਨੂੰ ਵੀ ਬੁਰਾ ਲੱਗਾ ਇਹਨੂੰ ਚੋਰੀ ਚੋਰੀ ਵਿਹੜੇ ਵੱਲ ਜਾਂਦਿਆਂ ਦੇਖ ਕੇ। ਫੇਰ ਇਹ ਤਾਕੀ 'ਚ ਖੜੀ ਹੋ ਗਈ। ਆਦਮੀਆਂ ਦੀਆਂ ਗੱਲਾਂ ਸੁਣਨ ਲੱਗ ਪਈ। ਆਮ ਤੌਰ 'ਤੇ ਇਹੋ ਜਿਹੀਆਂ ਗੱਲਾਂ ਸੁਣਨ ਦੇ ਕਾਬਲ ਨਹੀਂ ਹੁੰਦੀਆਂ।

ਹੁਕਮੀ : ਉਹ ਇਹੋ ਜਿਹੀਆਂ ਗੱਲਾਂ ਕਰਨ ਹੀ ਤਾਂ ਮਕਾਣੇ ਆਉਂਦੇ ਐਂ।

*(ਜਗਿਆਸਾ ਨਾਲ)* ਉਹ ਕੀ ਗੱਲ ਕਰ ਰਹੇ ਸੀ ?

ਪਾਲੋ : ਨਾਚਿਆਂ ਦੀ ਸ਼ੱਬੋ ਬਾਰੇ ਗੱਲਾਂ ਕਰ ਰਹੇ ਸੀ। ਰਾਤੀਂ ਉਨ੍ਹਾਂ ਉਹਦੇ ਘਰ ਵਾਲੇ ਨੂੰ ਤਬੇਲੇ ਬੰਨ੍ਹ ਦਿੱਤਾ ਤੇ ਸ਼ੱਬੋ ਨੂੰ ਲੈ ਗਏ।

ਹੁਕਮੀ : ਤੇ ਉਹਨੇ ਕੀ ਕੀਤਾ ?

ਪਾਲੋ : ਉਹ ? ਉਹ ਖ਼ੁਸ਼ ਸੀ ਬੇਸ਼ਰਮ।

ਹੁਕਮੀ : ਤੇ ਫੇਰ ਕੀ ਹੋਇਆ।

ਪਾਲੋ : ਫੇਰ ਕੀ ਹੋਣਾ ਸੀ। ਉਹ ਤੜਕੇ ਛੱਡ ਗਏ।

ਹੁਕਮੀ : ਸਾਡੇ ਪਿੰਡ ਵਿਚ ਏਹੀ ਇਕ ਗੰਦੀ ਜ਼ਨਾਨੀ ਆ।

ਪਾਲੋ : ਇਹ ਹੈ ਵੀ ਕੁਦੇਸਣ। ਜਿਹੜੇ ਉਹਨੂੰ ਲੈ ਕੇ ਗਏ ਉਹ ਵੀ ਉਹਦੇ ਦੇਸ ਵੱਲ ਦੇ ਹੀ ਸੀ। ਸਾਡੇ ਆਦਮੀ ਨਹੀਂ ਇਹੋ ਜਿਹੇ।

ਹੁਕਮੀ : ਨਹੀਂ, ਪਰ ਇਹ ਤਮਾਸ਼ਾ ਦੇਖਣ ਦੇ ਤਾਂ ਬਹੁਤ ਸ਼ੁਕੀਨ ਨੇ, ਨਾਲੇ ਗੱਲਾਂ ਕਰਨ ਤੇ ਲਾਲ੍ਹਾਂ ਸੁੱਟਣ ਦੇ।

ਪਾਲੋ : ਉਹ ਤਾਂ ਹੋਰ ਵੀ ਬੜੀਆਂ ਗੱਲਾਂ ਕਰ ਰਹੇ ਸੀ।

ਹੁਕਮੀ : (ਡਰ ਨਾਲ ਆਸੇ ਪਾਸੇ ਦੇਖਦੀ ਹੋਈ) ਕਿਹੋ ਜਿਹੀਆਂ?

ਪਾਲੋ : ਮੈਨੂੰ ਤਾਂ ਦੱਸਦਿਆਂ ਸ਼ਰਮ ਆਉਂਦੀ ਐ।

ਹੁਕਮੀ : ਤੇ ਮੇਰੀ ਧੀ ਨੇ ਉਹ ਸਭ ਸੁਣੀਆਂ?

ਪਾਲੋ : ਹੋਰ ਕੀ!

ਹੁਕਮੀ : ਇਹ ਆਪਣੀ ਭੂਆ ਤੇ ਗਈ ਆ। ਓਹੋ ਜਿਹੀ ਮੀਸਣੀ, ਮੋਮੋਠਗਣੀ। ਮਾੜੀ ਜਿਹੀ ਸਿਫ਼ਤ ਸੁਣ ਕੇ ਡੁੱਲ੍ਹ ਜਾਂਦੀ ਐ। ਓ ਰੱਬਾ, ਬੰਦੇ ਨੂੰ ਕਿੱਥੋਂ ਕਿੱਥੋਂ ਲੰਘਣਾ ਪੈਂਦਾ।

ਪਾਲੋ : ਹੁਕਮੀ, ਗੱਲ ਅਸਲ ਵਿਚ ਇਹ ਐ ਕਿ ਹੁਣ ਤੇਰੀਆਂ ਧੀਆਂ ਉਸ ਉਮਰ 'ਚ ਪਹੁੰਚ ਗਈਆਂ ਜਿਸ ਉਮਰ 'ਚ ਕੁੜੀਆਂ ਵਿਆਹੀਆਂ ਵਰੀਆਂ ਹੋਣੀਆਂ ਚਾਹੀਦੀਆਂ, ਤਾਂ ਹੀ ਤੂੰ....ਪਰੇਸ਼ਾਨ ਰਹਿੰਦੀ ਐਂ। ਤਾਰੋ ਹੁਣ ਚਾਲ੍ਹੀਆਂ ਦੀ ਹੋਣੀ ਐ।

ਹੁਕਮੀ : ਉਣਤਾਲੀਆਂ ਦੀ ਐ।

ਪਾਲੋ : ਤੇ ਤੂੰ ਕਦੀ....ਨਹੀਂ ਸੋਚਿਆ? ਉਨ੍ਹਾਂ ਲਈ ਵਰ ਘਰ ਲੱਭਣਾ।

ਹੁਕਮੀ : *(ਗੁੱਸੇ ਨਾਲ)* ਉਨ੍ਹਾਂ ਨੂੰ ਨਹੀਂ ਵਰ ਘਰ ਚਾਹੀਦੇ। ਉਹ ਚੰਗੀਆਂ ਭਲੀਆਂ ਸਾਊਆਂ ਵਾਂਗ ਰਹਿ ਰਹੀਆਂ ਨੇ।

ਪਾਲੋ : ਲੈ ਹੁਕਮੀ ਤੂੰ ਗੁੱਸੇ ਹੀ ਹੋ ਗਈ। ਮੈਂ ਤਾਂ ਊਂ ਗੱਲ ਕੀਤੀ ਐ।

ਹੁਕਮੀ : ਸੌ ਕੋਹਾਂ ਤੇ ਉਨ੍ਹਾਂ ਦੇ ਲੇਕ ਦਾ ਮੁੰਡਾ ਹੈ ਨੀ। ਲਾਗੇ ਦੇ ਪਿੰਡਾਂ ਦੇ ਲੋਕਾਂ 'ਚ ਕੋਈ ਵੀ ਸਾਡੇ ਖ਼ਾਨਦਾਨ ਦੇ ਬਰਾਬਰ



WWW.SIKHBOOKCLUB.COM 

ਨਹੀਂ। ਮੈਂ ਹੁਣ ਚੁੱਕ ਕੇ ਕਿਸੇ ਵੀ ਹਾਲ਼ੀ ਪਾਲ਼ੀ ਨੂੰ ਧੀਆਂ ਦੇ ਦਿਆਂ ?

ਪਾਲੋ : ਚਲ ਕਿਤੇ ਦੂਰ ਪਰੇ ਦੇਖ ਲੈਂਦੇ।

ਹੁਕਮੀ : ਤੂੰ ਆਪਣੀ ਕੈਂਚੀ ਵਰਗੀ ਜ਼ੁਬਾਨ ਬੰਦ ਕਰ।

ਪਾਲੋ : ਤੇਰੇ ਨਾਲ ਤਾਂ ਕੋਈ ਗੱਲ ਵੀ ਨਹੀਂ ਕਰ ਸਕਦਾ। ਤੂੰ ਤਾਂ ਇਹ ਵੀ ਭੁੱਲ ਜਾਨੀ ਐਂ, ਤੇਰੇ ਮੇਰੇ ਕਿੰਨੇ ਭੇਤ ਸਾਂਝੇ ਐ।

ਹੁਕਮੀ : ਆਪਣਾ ਕੋਈ ਨਹੀਂ ਭੇਤ ਸਾਂਝਾ। ਤੂੰ ਮੇਰੀ ਨੌਕਰਾਣੀ ਏਂ ਤੇ ਮੈਂ ਤੈਨੂੰ ਤਨਖ਼ਾਹ ਦਿੰਦੀ ਆਂ। ਮੈਂ ਤੇਰੀ ਮਾਲਕ ਆਂ। ਇਸ ਤੋਂ ਵੱਧ ਕੁਝ ਨਹੀਂ।

ਪਾਲੋ : ਪਰ....

ਹੁਕਮੀ : *(ਨੌਕਰ ਨੂੰ)*
ਤੂੰ ਵਿਹੜੇ ਵਿਚ ਸਫ਼ੈਦੀ ਕਰ ਦੇ।
*(ਪਾਲੋ ਨੂੰ)*
ਤੇ ਤੂੰ ਉਹਨਾਂ ਦੇ ਸਾਰੇ ਕੱਪੜੇ ਪੇਟੀ 'ਚ ਸੁੱਟ ਦੇ।

ਪਾਲੋ : ਕੁਝ ਕੱਪੜੇ ਆਪਾਂ ਗਰੀਬਾਂ ਗੁਰਬਿਆਂ ਨੂੰ ਦੇ ਦਿੰਨੇ ਆਂ।

ਹੁਕਮੀ : ਨਹੀਂ ਇਕ ਟਾਕੀ ਵੀ ਨਹੀਂ। ਉਹ ਵੀ ਨਹੀਂ ਜਿਹੜੇ ਆਖ਼ਰੀ ਸਮੇਂ ਪਹਿਨੇ ਸੀ। (ਉਹ ਹੌਲੀ ਹੌਲੀ ਸੋਟੀ ਦੇ ਨਾਲ ਬਾਹਰ ਜਾਂਦੀ ਹੈ। ਦਰਵਾਜ਼ੇ ਕੋਲ ਜਾ ਕੇ ਉਹ ਨੌਕਰਾਂ ਵੱਲ ਦੇਖਣ ਲਈ ਪਿਛਾਂਹ ਝਾਕਦੀ ਹੈ। ਉਹ ਵੀ ਬਾਹਰ ਜਾਂਦੇ ਹਨ। ਉਹ ਚਲੀ ਜਾਂਦੀ ਹੈ।)
*(ਜੋਤੀ ਤੇ ਦੀਪੋ ਦਾਖ਼ਲ ਹੁੰਦੀਆਂ ਹਨ।)*

ਜੋਤੀ : ਤੂੰ ਦਵਾਈ ਖਾ ਲਈ ਸੀ ?

ਕਿਰਨ : ਦਵਾਈ ਨੇ ਬੜਾ ਮੈਨੂੰ ਫ਼ਾਇਦਾ ਕਰਨਾ!

ਜੋਤੀ : ਪਰ ਤੂੰ ਖਾਧੀ ਕਿ ਨਹੀਂ ?

ਕਿਰਨ : ਘੜੀ ਦੀਆਂ ਸੂਈਆਂ ਦੇ ਹਿਸਾਬ ਨਾਲ ਮੈਂ ਸਭ ਕੁਝ ਕਰ ਲੈਂਨੀ ਆਂ, ਭਾਵੇਂ ਮੈਨੂੰ ਕਿਸੇ ਕੰਮ ਵਿਚ ਯਕੀਨ ਹੋਵੇ ਜਾਂ ਨਾ।

ਜੋਤੀ : ਜਦ ਦਾ ਨਵਾਂ ਡਾਕਟਰ ਆਉਣ ਲੱਗਾ, ਤੇਰੇ 'ਚ ਕੁਝ



WWW.SIKHBOOKCLUB.COM 

ਜਾਨ ਪਈ ਲਗਦੀ ਐ।

ਕਿਰਨ : ਮੈਨੂੰ ਕੋਈ ਫ਼ਰਕ ਨਹੀਂ ਲਗਦਾ।

ਜੋਤੀ : ਤੂੰ ਦੇਖਿਆ? ਪ੍ਰੀਤੋ ਤਾਂ ਸਸਕਾਰ 'ਤੇ ਵੀ ਨਹੀਂ ਦਿਸੀ।

ਕਿਰਨ : ਮੈਨੂੰ ਪਤਾ। ਉਹਦਾ ਆਸ਼ਕ ਉਹਨੂੰ ਦਹਿਲੀਜ਼ ਤੱਕ ਵੀ ਨਹੀਂ ਆਉਣ ਦਿੰਦਾ। ਪਹਿਲਾਂ ਸਗੋਂ ਉਹ ਖੁਸ਼ ਰਹਿੰਦੀ ਹੁੰਦੀ ਸੀ। ਹੁਣ ਤਾਂ ਉਹਨੇ ਬਣਨਾ-ਠਣਨਾ ਹੀ ਛੱਡ ਦਿੱਤਾ। ਮੂੰਹ 'ਤੇ ਪਾਊਡਰ ਵੀ ਨਹੀਂ ਲਾਉਂਦੀ।

ਜੋਤੀ : ਕੁਝ ਸਮਝ ਨਹੀਂ ਪੈਂਦੀ, ਬੰਦਾ ਇਸ਼ਕ ਕਰੇ ਕਿ ਨਾ।

ਕਿਰਨ : ਬੂਰ ਦੇ ਲੱਡੂ ਨੇ, ਜਿਹੜਾ ਖਾਵੇ ਉਹ ਵੀ ਪਛਤਾਏ, ਜਿਹੜਾ ਨਾ ਖਾਵੇ, ਉਹ ਵੀ ਪਛਤਾਵੇ।

ਚੰਨੋ : ਸਭ ਤੋਂ ਵਧ ਦੁੱਖ ਦਿੰਦੀਆਂ, ਤਮਾਸ਼ਬੀਨਾਂ ਦੀਆਂ ਜੀਭਾਂ। ਪ੍ਰੀਤੋ ਨੂੰ ਵੀ ਬਹੁਤ ਸਹਿਣਾ ਪਿਆ।

ਕਿਰਨ : ਪ੍ਰੀਤੋ ਸਾਡੀ ਮਾਂ ਕੋਲੋਂ ਬਹੁਤ ਡਰਦੀ ਐ। ਸਿਰਫ਼ ਸਾਡੀ ਮਾਂ ਨੂੰ ਉਹਦੇ ਪਿਉ ਦੀ ਕਹਾਣੀ ਦਾ ਪਤਾ। ਉਹਨੇ ਜ਼ਮੀਨ ਤੇ ਕਬਜ਼ਾ ਕਿਵੇਂ ਕੀਤਾ। ਜਦ ਵੀ ਉਹ ਵਿਚਾਰੀ ਸਾਡੇ ਘਰ ਆਉਂਦੀ ਐ, ਮਾਂ ਓਹਦੇ ਜ਼ਖਮਾਂ 'ਤੇ ਲੂਣ ਭੁੱਕਣ ਡਹਿ ਜਾਂਦੀ ਐ, ਤੈਨੂੰ ਪਤਾ ਪ੍ਰੀਤੋ ਦੇ ਪਿਉ ਨੇ ਆਪਣੀ ਪਹਿਲੀ ਜ਼ਨਾਨੀ ਦੇ ਘਰ ਵਾਲੇ ਨੂੰ ਮਾਰ ਦਿੱਤਾ ਸੀ, ਉਹਦੇ ਨਾਲ ਵਿਆਹ ਕਰਵਾਇਆ ਸੀ। ਫਿਰ ਇਹਨੇ ਉਹਨੂੰ ਛੱਡ ਦਿੱਤਾ ਤੇ ਕਿਸੇ ਹੋਰ ਔਰਤ ਨਾਲ ਵਿਆਹ ਕਰਾ ਲਿਆ, ਜਿਹਦੇ ਕੁੱਛੜ ਕੁੜੀ ਸੀ। ਤੇ ਫੇਰ ਇਹਨੇ ਓਸ ਕੁੜੀ ਨਾਲ ਵਿਆਹ ਕੀਤਾ, ਓਹੀ ਪ੍ਰੀਤੋ ਦੀ ਮਾਂ ਐ ਤੇ ਉਹ ਦੂਜੀ....ਪਾਗਲ ਹੋ ਕੇ ਮਰ ਗਈ।

ਚੰਨੋ : ਪਰ ਏਹੋ ਜਿਹੇ ਬੰਦੇ ਨੂੰ ਜੇਲ੍ਹ ਕਿਉਂ ਨਾ ਹੋਈ?

ਕਿਰਨ : ਕਿਉਂਕਿ ਬੰਦੇ ਇਕ ਦੂਏ ਦੀ ਮਦਦ ਕਰਦੇ ਆ, ਇਹੋ ਜਿਹੀਆਂ ਕਰਤੂਤਾਂ ਨੂੰ ਢਕਣ ਲਈ, ਤਾਂ ਹੀ ਇਹ ਅੜਿੱਕੇ ਨਹੀਂ ਆਉਂਦੇ।

ਜੋਤੀ : ਪਰ ਏਦ੍ਹੇ 'ਚ ਪ੍ਰੀਤੋ ਦਾ ਕੀ ਕਸੂਰ ਹੈ?

ਕਿਰਨ : ਹਾਂ, ਪਰ ਜਿਵੇਂ ਕਹਿੰਦੇ ਹੁੰਦੇ ਨੇ, ਤਾਰੀਖ਼ ਆਪਣੇ ਆਪ ਨੂੰ ਦੁਹਰਾਉਂਦੀ ਐ, ਮੈਨੂੰ ਪੱਕਾ ਪਤਾ ਹਰ ਚੀਜ਼ ਇਕ ਬੜਾ ਭਿਆਨਕ ਕਿਸਮ ਦਾ ਦੁਹਰਾਉ ਐ। ਪ੍ਰੀਤੋ ਦੀ ਕਿਸਮਤ ਵੀ ਆਪਣੀ ਮਾਂ ਵਰਗੀ ਹੋਵੇਗੀ, ਜਾਂ ਆਪਣੀ ਨਾਨੀ ਵਰਗੀ, ਜਿਨ੍ਹਾਂ ਦੋਹਾਂ ਦਾ ਉਹ ਘਰ ਵਾਲਾ ਸੀ, ਜਿਹੜਾ ਇਹਦਾ ਪਿਉ ਐ।

ਚੰਨੋ : ਹਾਏ, ਹਾਏ, ਕਿਹੋ ਜਿਹੀ ਗੱਲ ਐ।

ਕਿਰਨ : ਚੰਗੀ ਗੱਲ ਤਾਂ ਇਹ ਐ ਮਰਦਾਂ ਵੱਲ ਕਦੀ ਝਾਕੋ ਹੀ ਨਾ, ਮੈਂ ਤਾਂ ਬਚਪਨ ਤੋਂ ਹੀ ਇਨ੍ਹਾਂ ਤੋਂ ਡਰਦੀ ਹਾਂ। ਮੈਂ ਇਨ੍ਹਾਂ ਨੂੰ ਵਿਹੜੇ ਵਿਚ ਫਿਰਦਿਆਂ ਨੂੰ ਦੇਖਦੀ ਰਹਿੰਦੀ। ਬਲਦਾਂ ਨੂੰ ਪੰਜਾਲੀ ਪਾਉਂਦਿਆਂ, ਜਾਂ ਬੋਰੀਆਂ ਚੁਕਦਿਆਂ, ਉੱਚੀ ਉੱਚੀ ਬੋਲਦਿਆਂ, ਛੱਲੀਆਂ ਕੁਟਦਿਆਂ। ਮੈਂ ਹਮੇਸ਼ਾਂ ਵੱਡੀ ਹੋਣ ਤੋਂ ਡਰਦੀ ਰਹੀ ਆਂ, ਕਿ ਅਚਾਨਕ ਕੋਈ ਇਨ੍ਹਾਂ ਚੋਂ ਮੈਨੂੰ ਬਾਹਾਂ 'ਚ ਲੈ ਲਵੇਗਾ। ਰੱਬ ਨੇ ਵੀ ਮੈਨੂੰ ਹੱਡੀਆਂ ਦੀ ਮੁੱਠ ਬਦਸੂਰਤ ਜਿਹੀ ਬਣਾਇਆ, ਇਨ੍ਹਾਂ ਬਲਾਵਾਂ ਨੂੰ ਮੇਰੇ ਤੋਂ ਦੂਰ ਰੱਖਣ ਲਈ।

ਚੰਨੋ : ਨੀ ਰਹਿਣ ਦੇ ਝੂਠ ਨਾ ਬੋਲ। ਜਸਬੀਰ ਤੇਰੇ ਤੇ ਕਿੰਨਾ ਮਰਦਾ ਸੀ। ਜਾਨ ਦਿੰਦਾ ਸੀ ਤੇਰੇ ਤੇ।

ਕਿਰਨ : ਇਹ ਸਿਰਫ਼ ਲੋਕਾਂ ਦੇ ਅੰਦਾਜ਼ੇ ਸਨ, ਇਕ ਵਾਰ ਮੈਂ ਰਾਤ ਵਾਲੇ ਕੱਪੜੇ ਪਾ ਕੇ ਦਿਨ ਚੜ੍ਹੇ ਤੱਕ ਸਾਰੀ ਰਾਤ ਖਿੜਕੀ ਵਿਚ ਖੜੀ ਰਹੀ ਕਿਉਂਕਿ ਉਹਨੇ ਸੁਨੇਹਾ ਘਲਾਇਆ ਸੀ ਕਿ ਉਹ ਅੱਜ ਆਵੇਗਾ, ਪਰ ਉਹ ਆਇਆ ਈ ਨਾ। ਇਹ ਐਵੇਂ ਅਫ਼ਵਾਹ ਸੀ। ਫਿਰ ਉਹਨੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਲਿਆ, ਜਿਹੜੀ ਵੱਡੇ ਅਮੀਰਾਂ ਦੀ ਧੀ ਸੀ।

ਰਾਣੋ : ਤੇ ਚੁੜੇਲਾਂ ਵਰਗੀ ਬਦਸ਼ਕਲ।

ਜੋਤੀ : ਮਰਦਾਂ ਨੂੰ ਬਦਸੂਰਤੀ ਕੁਝ ਨਹੀਂ ਕਹਿੰਦੀ, ਇਹ ਤਾਂ ਜ਼ਮੀਨਾਂ ਦੇਖਦੇ ਨੇ, ਬਲਦ ਤੇ ਪੰਜਾਲੀਆਂ ਦੇਖਦੇ ਨੇ ਤੇ ਕੋਈ



WWW.SIKHBOOKCLUB.COM 

ਵਫ਼ਾਦਾਰ ਕੁੱਤੀ ਗੁਲਾਮਾਂ ਵਾਂਗ ਇਨ੍ਹਾਂ ਦੀ ਰੋਟੀ ਪਕਾਉਂਦੀ ਰਹਿੰਦੀ ਹੈ।

*(ਦੀਪੋ ਦਾਖ਼ਲ ਹੁੰਦੀ ਹੈ)*

ਦੀਪੋ : ਤੁਸੀਂ ਏਥੇ ਕੀ ਕਰਦੀਆਂ ਓਂ ?

ਕਿਰਨ : ਬੱਸ ਐਵੇਂ ਖੜੀਆਂ।

ਜੋਤੀ : ਤੇ ਤੂੰ ?

ਦੀਪੋ : ਮੈਂ ਬੱਸ ਸਾਰੇ ਕਮਰਿਆਂ ਵਿਚ ਘੁੰਮਦੀ ਫਿਰਦੀ ਸਾਂ। ਸਿਰਫ ਐਵੇਂ ਤੁਰਨ ਦੀ ਮਾਰੀ ਤੇ ਬੇਬੇ ਦੀਆਂ ਕਰੋਸ਼ੀਏ ਨਾਲ ਬਣਾਈਆਂ ਤਸਵੀਰਾਂ ਦੇਖ ਰਹੀ ਸੀ-ਛੋਟਾ ਜਿਹਾ ਊਨੀ ਕੁੱਤਾ, ਬੱਬਰ ਸ਼ੇਰ ਨਾਲ ਕੁਸ਼ਤੀ ਕਰਦਾ ਪਹਿਲਵਾਨ। ਸਾਨੂੰ ਕਿੰਨੀਆਂ ਸੁਹਣੀਆਂ ਲੱਗਦੀਆਂ ਸੀ ਇਹ ਤਸਵੀਰਾਂ ਜਦੋਂ ਅਸੀਂ ਛੋਟੇ ਹੁੰਦੇ ਸਾਂ। ਕਿੰਨੇ ਪਿਆਰੇ ਸਮੇਂ ਸੀ ਉਹ। ਹਫ਼ਤਾ ਹਫ਼ਤਾ ਬਰਾਤ ਠਹਿਰਦੀ ਸੀ ਤੇ ਲੋਕਾਂ ਦੀਆਂ ਜ਼ਬਾਨਾਂ ਵੀ ਅਜੇ ਗੁੱਝੀਆਂ ਛੁਰੀਆਂ ਵਰਗੀਆਂ ਨਹੀਂ ਸੀ ਬਣੀਆਂ। ਹੁਣ ਲੋਕ ਜ਼ਿਆਦਾ ਪਖੰਡੀ ਹੋ ਗਏ। ਵਿਆਂਹਦੜਾਂ ਹੁਣ ਮਹਿੰਗੇ ਲਹਿੰਗੇ ਪਾਉਣ ਲੱਗ ਪਈਆਂ। ਅਸੀਂ ਖੂਹਾਂ ਤੇ ਨਹੀਂ ਜਾਂਦੇ, ਨਲਕਿਆਂ ਦਾ ਪਾਣੀ ਪੀਂਦੇ ਆਂ ਤੇ ਅੰਦਰ ਹੀ ਅੰਦਰ ਸੜ ਰਹੇ ਆਂ, ਲੋਕਾਂ ਦੀਆਂ ਲੰਮੀਆਂ ਜੀਭਾਂ ਤੋਂ ਡਰਦੇ।

ਕਿਰਨ : ਪਤਾ ਨਹੀਂ ਲੋਕਾਂ ਨੂੰ ਕੀ ਹੋ ਗਿਆ!

ਚੰਨੋ : *(ਦੀਪੋ ਨੂੰ)* ਤੇਰਾ ਇਕ ਤਸਮਾ ਖੁੱਲ੍ਹ ਗਿਆ।

ਦੀਪੋ : ਫਿਰ ਕੀ ਹੋਇਆ ?

ਜੋਤੀ : ਤੇਰਾ ਪੈਰ ਏਦ੍ਹੇ ਤੇ ਆ ਜਾਏਗਾ ਤੇ ਤੂੰ ਡਿੱਗ ਪਵੇਂਗੀ।

ਦੀਪੋ : ਡਿਗ ਕੇ ਸੱਟ ਲੱਗੂਗੀ, ਸੱਟ ਠੀਕ ਨਹੀਂ ਹੋਊਗੀ ਤੇ ਮੈਂ ਮਰ ਜਾਊਂਗੀ, ਚਲ ਇਕ ਤਾਂ ਘਟੂਗੀ।

ਕਿਰਨ : ਚੰਨੋ ਕਿੱਥੇ ਐ ?

ਦੀਪੋ : ਓਦ੍ਹੀ ਸੁਣ ਲੈ, ਉਹਨੇ ਗੋਟੇ ਕਿਨਾਰੀ ਵਾਲਾ ਸੂਟ ਪਾ ਲਿਆ ਤੇ ਬਾਹਰ ਜਾ ਕੇ ਰੌਲੀ ਪਾਉਣ ਲੱਗ ਪਈ। ਓਏ



WWW.SIKHBOOKCLUB.COM 

ਚੂਚਿਓ। ਓਏ ਚੂਚਿਓ, ਮੈਨੂੰ ਦੇਖੋ। ਮੇਰਾ ਤਾਂ ਹਾਸਾ ਨਾ ਰੁਕੇ।

ਜੋਤੀ : ਜੇ ਉਹਨੂੰ ਅੰਮਾਂ ਦੇਖ ਲੈਂਦੀ?

ਦੀਪੋ : ਵਿਚਾਰੀ, ਉਹ ਸਾਡੇ ਸਾਰੀਆਂ ਨਾਲੋਂ ਛੋਟੀ ਐ ਤੇ ਉਹਨੂੰ ਬੜੀਆਂ ਖੁਸ਼ਫਹਿਮੀਆਂ ਨੇ। ਮੈਂ ਉਹਨੂੰ ਖੁਸ਼ ਦੇਖਣ ਲਈ ਕੁਝ ਕਰਨਾ ਚਾਹੁੰਦੀ ਆਂ।

ਤਾਰੋ : *(ਵਕਫ਼ਾ। ਤਾਰੋ ਮੰਚ ਦੇ ਵਿਚਕਾਰੋਂ ਲੰਘਦੀ ਹੈ, ਉਸ ਨੇ ਤੌਲੀਏ ਚੁੱਕੇ ਹੋਏ ਹਨ।)*

ਤਾਰੋ : ਕੀ ਟਾਈਮ ਹੋ ਗਿਆ?

ਦੀਪੋ : ਬਾਰਾਂ ਵੱਜ ਗਏ ਹੋਣਗੇ।

ਤਾਰੋ : ਏਨਾ ਜ਼ਿਆਦਾ ਵਕਤ ਹੋ ਗਿਆ?

ਜੋਤੀ : ਹਾਂ ਘੜਿਆਲ ਵੱਜਣ ਹੀ ਵਾਲਾ।
*(ਤਾਰੋ ਜਾਂਦੀ ਹੈ)*

ਦੀਪੋ : *(ਅਰਥ ਪੂਰਵਕ ਢੰਗ ਨਾਲ)* ਤੈਨੂੰ ਇਕ ਗੱਲ ਦਾ ਪਤਾ?

ਚੰਨੋ : ਨਹੀਂ

ਦੀਪੋ : ਝੂਠੀ।

SIKHBOOKCLUB.COM

ਕਿਰਨ : ਮੈਨੂੰ ਪਤਾ ਨਹੀਂ, ਤੂੰ ਕੀ ਕਹਿ ਰਹੀ ਏਂ?

ਦੀਪੋ : ਤੁਹਾਨੂੰ ਦੋਨਾਂ ਨੂੰ ਮੇਰੇ ਨਾਲੋਂ ਜ਼ਿਆਦਾ ਪਤਾ। ਸਾਰਾ ਦਿਨ ਭੇਡਾਂ ਵਾਂਗੂ ਸਿਰ ਜੋੜੀ ਰੱਖਦੀਆਂ ਓਂ। ਕਿਸੇ ਹੋਰ ਕੋਲ ਭਿਣਕ ਨਹੀਂ ਕੱਢਦੀਆਂ। ਉਹ ਬਾਰੂ ਕਿਆਂ ਵਾਲੇ ਦਿਲਬਾਗ ਵਾਲੀ ਗੱਲ।

ਕਿਰਨ : ਓਹ!

ਦੀਪੋ : *(ਉਹਦਾ ਮਜ਼ਾਕ ਉਡਾਉਂਦੀ ਹੈ।)* ਓਹ! ਸਾਰੇ ਪਿੰਡ ਨੂੰ ਪਤਾ ਦਿਲਬਾਗ ਦੀ ਮੰਗਣੀ ਤਾਰੋ ਨਾਲ ਹੋਣ ਵਾਲੀ ਐ। ਕੱਲ੍ਹ ਉਹ ਘਰ ਦੇ ਏਧਰ ਓਧਰ ਝਾਕਦਾ ਵੀ ਫਿਰਦਾ ਸੀ। ਤੇ ਮੇਰਾ ਖ਼ਿਆਲ ਹੈ ਉਹ ਕਿਸੇ ਨੂੰ ਵਿਚੋਲਾ ਬਣਾਉਣ ਈ ਵਾਲਾ ਐ।

ਕਿਰਨ : ਚੰਗੀ ਗੱਲ ਐ, ਦਿਲਬਾਗ ਹੋਣੀ ਚੰਗੇ ਲੋਕ ਨੇ। ਮੈਨੂੰ ਇਸ



WWW.SIKHBOOKCLUB.COM 

ਗੱਲ ਦੀ ਖੁਸ਼ੀ ਏ।

ਚੰਨੋ : ਮੈਨੂੰ ਵੀ।

ਦੀਪੋ : ਕੋਈ ਖੁਸ਼ੀ ਨਹੀਂ।

ਕਿਰਨ : ਦੀਪੋ, ਕੀ ਮਤਲਬ ?

ਦੀਪੋ : ਜੇ ਉਹ ਤਾਰੋ ਨੂੰ ਇਸ ਲਈ ਵਿਆਹੁਣ ਆਉਂਦਾ ਕਿ ਉਹ ਸੁਹਣੀ ਐ, ਉਹ ਇਕ ਚੰਗੀ ਕੁੜੀ ਐ ਤਾਂ ਮੈਂ ਵੀ ਖੁਸ਼ ਹੁੰਦੀ। ਪਰ ਉਹ ਤਾਂ ਪੈਸੇ ਖ਼ਾਤਰ ਆ ਰਿਹਾ। ਤਾਰੋ ਸਾਡੀ ਭੈਣ ਐਂ। ਉਹਨੂੰ ਪਤਾ ਉਹ ਸਾਡੇ ਸਾਰਿਆਂ 'ਚੋਂ ਜ਼ਿਆਦਾ ਉਮਰ ਦੀ ਐ, ਤੇ ਬਿਲਕੁਲ ਬੀਮਾਰ ਲਗਦੀ ਐ। ਸਾਡੇ ਸਾਰਿਆਂ 'ਚ ਘੱਟ ਸੁਹਣੀ ਐ ਉਹ। ਜਦੋਂ ਵੀਹ ਸਾਲ ਦੀ ਸੀ ਉਦੋਂ ਵੀ ਇਉਂ ਲੱਗਦੀ ਸੀ, ਜਿਵੇਂ ਸੋਟੀ ਤੇ ਕੱਪੜੇ ਪਾਏ ਹੋਣ ਤੇ ਹੁਣ ਉਹ ਕੀ ਰਹਿ ਗਈ, ਚਾਲੀਆਂ ਦੀ ਹੋ ਕੇ ?

ਕਿਰਨ : ਇਸ ਤਰ੍ਹਾਂ ਨਾ ਕਹਿ, ਕਿਸਮਤ ਦੀ ਗੱਲ ਐ। ਕਈ ਵਾਰ ਕਿਸਮਤ ਉਹਨਾਂ ਦਾ ਹੀ ਬੂਹਾ ਖੜਕਾਉਂਦੀ ਐ, ਜਿਨ੍ਹਾਂ ਨੂੰ ਕੋਈ ਆਸ ਨਹੀਂ ਹੁੰਦੀ।

ਚੰਨੋ : ਪਰ ਦੀਪੋ ਠੀਕ ਹੀ ਤਾਂ ਕਹਿੰਦੀ ਐ। ਆਪਣੇ ਪਿਉ ਦੀ ਜਾਇਦਾਦ ਤਾਰੋ ਦੇ ਹਿੱਸੇ ਹੀ ਆਉਣੀ ਐ। ਹੁਣ ਉਹ ਘਰ ਵਿਚ ਸਭ ਤੋਂ ਅਮੀਰ ਐ ਕਿਉਂਕਿ ਬਾਪੂ ਨਹੀਂ ਰਿਹਾ ਤਦੇ ਹੁਣ ਇਹਦੇ ਲਈ ਰਿਸ਼ਤੇ ਆ ਰਹੇ ਨੇ।

ਦੀਪੋ : ਦਿਲਬਾਗ ਅਜੇ ਪੰਝੀਆਂ ਵਰ੍ਹਿਆਂ ਦਾ ਐ ਤੇ ਏਡਾ ਸੁਹਣਾ ਸੁਨੱਖਾ ਏ। ਉਹਦੇ ਵਰਗਾ ਸੁਹਣਾ ਤਾਂ ਆਸੇ ਪਾਸੇ ਹੈ ਈ ਕੋਈ ਨਹੀਂ। ਜੇ ਉਹ ਤੈਨੂੰ ਪਸੰਦ ਕਰਦਾ ਜਾਂ ਚੰਨੋ ਨੂੰ ਜਿਹੜੀ ਵੀਹ ਸਾਲਾਂ ਦੀ ਏ ਤਾਂ ਮੈਂ ਮੰਨਦੀ। ਉਹ ਤੁਹਾਨੂੰ ਦੋਹਾਂ ਨੂੰ ਛੱਡ ਕੇ ਉਹਦੇ ਮਗਰ ਗਿਆ, ਜਿਹੜੀ ਸਭ ਤੋਂ ਬਦਸ਼ਕਲ ਐ, ਆਪਣੇ ਪਿਉ ਵਾਂਗ ਨੱਕ ਚੋਂ ਬੋਲਦੀ ਐ।

ਕਿਰਨ : ਕੀ ਪਤਾ ਉਹ ਏਦਾਂ ਬੋਲਣ ਵਾਲੀ ਹੀ ਲੱਭ ਰਿਹਾ ਹੋਵੇ।

ਦੀਪੋ : ਤੁਹਾਡੇ ਪਖੰਡ ਦੇ ਵੀ ਮੈਂ ਬਲਹਾਰ ਹੀ ਜਾਨੀ ਆਂ।

ਕਿਰਨ : ਓ ਰੱਬਾ।

(ਚੰਨੋ ਆਉਂਦੀ ਹੈ)

ਦੀਪੋ : ਫੇਰ ਤੈਨੂੰ ਚੂਚਿਆਂ ਨੇ ਦੇਖ ਲਿਆ?

ਚੰਨੋ : ਪਤਾ ਨਈਂ ਪਰ ਮੈਂ ਉਨ੍ਹਾਂ ਨੂੰ ਕਿਹਾ ਸੀ, ਹੋਰ ਮੈਂ ਕੀ ਕਰਦੀ?

ਜੋਤੀ : ਜੇ ਅੰਮਾਂ ਤੈਨੂੰ ਦੇਖ ਲੈਂਦੀ ਤਾਂ ਉਹਨੇ ਤੈਨੂੰ ਚੁੰਡਿਓਂ ਫੜ ਕੇ ਘੜੀਸਣ ਲੱਗ ਪੈਣਾ ਸੀ।

ਚੰਨੋ : ਮੈਨੂੰ ਇਸ ਸੂਟ ਦਾ ਬੜਾ ਚਾਅ ਸੀ। ਮੈਂ ਸੋਚਿਆ ਸੀ, ਇਹ ਉਸ ਦਿਨ ਪਾਊਂਗੀ, ਜਿਸ ਦਿਨ ਆਪਾਂ ਖ਼ਰਬੂਜ਼ੇ ਖਾਣ ਖੂਹ 'ਤੇ ਜਾਵਾਂਗੇ। ਇਹੋ ਜਿਹਾ ਸੂਟ ਮੇਰੇ ਕੋਲ ਹੋਰ ਕੋਈ ਨਹੀਂ।

ਕਿਰਨ : ਬੜਾ ਸੁਹਣਾ ਸੂਟ ਐ।

ਚੰਨੋ : ਮੈਨੂੰ ਸਜਦਾ ਵੀ ਬੜਾ। ਦੀਪੋ ਨੇ ਇਸ ਤੋਂ ਸੁਹਣਾ ਸੂਟ ਹੋਰ ਕੋਈ ਨਹੀਂ ਕੱਢਿਆ।

ਦੀਪੋ : ਅੱਛਾ, ਤੂੰ ਇਹ ਦੱਸ, ਚੂਚੇ ਤੈਨੂੰ ਕੀ ਕਹਿਣ ਲੱਗੇ?

ਚੰਨੋ : ਉਨ੍ਹਾਂ ਨੇ ਮੈਨੂੰ ਕੁਝ ਪਿੱਸੂ ਦਿੱਤੇ, ਜਿਹੜੇ ਮੇਰੀਆਂ ਲੱਤਾਂ ਨੂੰ ਚੰਬੜ ਗਏ।

(ਹੱਸਦੀਆਂ ਹਨ)

ਕਿਰਨ : ਤੂੰ ਹੁਣ ਇਹਨੂੰ ਕਾਲਾ ਰੰਗਾ ਲੈ।

ਦੀਪੋ : ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਤੂੰ ਇਹ ਸੂਟ ਤਾਰੋ ਨੂੰ ਦੇ ਦੇ, ਦਿਲਬਾਗ ਨਾਲ ਵਿਆਹ ਦੇ ਮੌਕੇ 'ਤੇ ਪਾਉਣ ਨੂੰ।

ਚੰਨੋ : *(ਛੁਪੇ ਭਾਵ ਨਾਲ)* ਪਰ ਦਿਲਬਾਗ....

ਜੋਤੀ : ਤੈਨੂੰ ਨਹੀਂ ਸੀ ਪਤਾ ਇਸ ਗੱਲ ਦਾ?

ਚੰਨੋ : ਨਹੀਂ।

ਦੀਪੋ : ਖ਼ੈਰ ਹੁਣ ਤਾਂ ਪਤਾ ਲੱਗ ਗਿਆ।

ਚੰਨੋ : ਪਰ ਇਹ ਹੋ ਨਹੀਂ ਸਕਦਾ।

ਦੀਪੋ : ਪੈਸਾ ਸਭ ਕੁਝ ਕਰ ਸਕਦਾ।

ਚੰਨੋ : ਤਾਂ ਹੀ ਉਹ ਮਕਾਣ ਦੇ ਜਾਣ ਤੋਂ ਬਾਅਦ ਬਾਹਰ ਚਲੀ



WWW.SIKHBOOKCLUB.COM 

ਗਈ ਤੇ ਦਰਵਾਜ਼ੇ 'ਚ ਖੜ੍ਹੋ ਕੇ ਦੇਖਦੀ ਰਹੀ!

*(ਵਕਫ਼ਾ)*

ਤੇ ਇਹ ਮਰਦ.....

ਦੀਪੋ : ਕੁਝ ਵੀ ਕਰ ਸਕਦੇ ਨੇ।

*(ਵਕਫ਼ਾ)*

ਕਿਰਨ : ਕੀ ਸੋਚ ਰਹੀ ਆਂ, ਤੂੰ ਚੰਨੋ?

ਚੰਨੋ : ਮੈਂ ਸੋਚ ਰਹੀ ਐਂ, ਇਸ ਸੋਗ ਨੇ ਮੈਨੂੰ ਜ਼ਿੰਦਗੀ ਦੇ ਸਭ ਤੋਂ ਬੁਰੇ ਪਲਾਂ ਵਿਚ ਘੇਰਿਆ ਤੇ ਮੈਂ ਜ਼ਿੰਦਗੀ ਭਰ ਇਹਦਾ ਮੁਕਾਬਲਾ ਕਰਦੀ ਰਹਾਂਗੀ।

ਦੀਪੋ : ਹੌਲੀ ਹੌਲੀ ਤੂੰ ਸਹਿਦਣ ਹੋ ਜਾਵੇਂਗੀ।

ਚੰਨੋ : *(ਭੁੱਬ ਮਾਰਦੀ, ਰੋਹ ਨਾਲ ਰੋਂਦੀ ਹੈ)*

ਨਹੀਂ ਮੈਂ ਕੁਝ ਨਹੀਂ ਸਹਿਣਾ। ਮੈਂ ਕੈਦ ਨਹੀਂ ਹੋ ਸਕਦੀ। ਮੈਂ ਨਹੀਂ ਚਾਹੁੰਦੀ ਮੇਰੀ ਚਮੜੀ ਦਾ ਰੰਗ ਵੀ ਤੇਰੇ ਵਰਗਾ ਹੋ ਜਾਵੇ। ਮੈਂ ਨਹੀਂ ਚਾਹੁੰਦੀ ਮੇਰਾ ਗੋਰਾ ਰੰਗ ਇਸ ਕਾਲ-ਕੋਠੜੀ ਵਿਚ ਗੁਆਚ ਜਾਵੇ। ਭਲਕੇ ਮੈਂ ਆਪਣਾ ਹਰਾ ਸੂਟ ਪਾ ਕੇ ਪਿੰਡ ਦੀਆਂ ਗਲੀਆਂ 'ਚ ਘੁੰਮਾਂਗੀ। ਮੈਂ ਬਾਹਰ ਨਿਕਲਣਾ ਚਾਹੁੰਦੀ ਹਾਂ।

*(ਪਹਿਲਾ ਨੌਕਰ ਪ੍ਰਵੇਸ਼ ਕਰਦਾ ਹੈ)*

ਦੀਪੋ : *(ਹਾਕਮਾਨਾ ਲਹਿਜੇ ਵਿਚ)* ਚੰਨੋ!

ਨੌਕਰ : ਵਿਚਾਰੀ! ਆਪਣੇ ਬਾਪ ਨੂੰ ਕਿੰਨਾ ਚੇਤੇ ਕਰਦੀ ਐ। *(ਉਹ ਬਾਹਰ ਜਾਂਦੀ ਹੈ)*

ਕਿਰਨ : ਚੁੱਪ!

ਚੰਨੋ : ਜੋ ਸਾਡੇ 'ਚੋਂ ਇਕ ਨਾਲ ਹੋਇਆ, ਓਹੀ ਸਾਰਿਆਂ ਨਾਲ ਹੋਵੇਗਾ।

*(ਚੰਨੋ ਚੁਪ ਕਰ ਜਾਂਦੀ ਹੈ)*

ਦੀਪੋ : ਨੌਕਰ ਨੇ ਸਾਰੀ ਗੱਲ ਸੁਣ ਲੈਣੀ ਸੀ, ਆਪਾਂ ਮਸੀਂ ਬਚੇ।

ਨੌਕਰ *(ਆਉਂਦਾ ਹੋਇਆ)* ਦਿਲਬਾਗ ਆ ਰਿਹਾ-ਉਹ ਗਲੀ ਦੇ ਮੋੜ 'ਤੇ ਹੈ।



WWW.SIKHBOOKCLUB.COM 

*(ਜੋਤੀ, ਕਿਰਨ ਤੇ ਦੀਪੋ ਦੌੜਦੀਆਂ ਹਨ)*

ਦੀਪੋ : ਆਓ ਆਪਾਂ ਦੇਖੀਏ।

*(ਉਹ ਕਾਹਲੀ ਕਾਹਲੀ ਜਾਂਦੀਆਂ ਹਨ)*

ਨੌਕਰਾਣੀ : *(ਚੰਨੋ ਨੂੰ)* ਤੂੰ ਨਹੀਂ ਦੇਖਣਾ?

ਚੰਨੋ : ਨਹੀਂ, ਮੇਰਾ ਕੀ ਵਾਸਤਾ!

ਨੌਕਰ : ਓਨੇ ਮੋੜ ਤੋਂ ਮੁੜਨਾ, ਤੂੰ ਆਪਣੇ ਕਮਰੇ ਦੀ ਖਿੜਕੀ ਵਿਚੋਂ ਉਹਨੂੰ ਜ਼ਿਆਦਾ ਚੰਗੀ ਤਰ੍ਹਾਂ ਦੇਖ ਸਕਦੀ ਹੈਂ!

*(ਨੌਕਰ ਬਾਹਰ ਜਾਂਦਾ ਹੈ। ਚੰਨੋ ਮੰਚ 'ਤੇ ਇਕੱਲੀ ਰਹਿ ਜਾਂਦੀ ਹੈ। ਡਾਵਾਂ ਡੋਲ ਜਿਹੀ; ਇਕ ਪਲ ਬਾਅਦ, ਉਹ ਵੀ ਕਾਹਲੀ ਕਾਹਲੀ ਚਲੀ ਜਾਂਦੀ ਹੈ, ਆਪਣੇ ਕਮਰੇ ਵੱਲ। ਹੁਕਮੀ ਤੇ ਪਾਲੋ ਆਉਂਦੀਆਂ ਹਨ।)*

ਹੁਕਮੀ : ਹਿੱਸੇ, ਟੁਕੜੇ, ਮੈਂ ਤਾਂ ਤੰਗ ਆ ਗਈ ਆਂ।

ਪਾਲੋ : ਤਾਰੋ ਦੇ ਹਿੱਸੇ ਦੇਖੋ ਕਿੰਨੀ ਜਾਇਦਾਦ ਆਈ ਐ।

ਹੁਕਮੀ : ਹਾਂ।

ਪਾਲੋ : ਦੂਜੀਆਂ ਦੇ ਹਿੱਸੇ ਤਾਂ ਬਹੁਤ ਹੀ ਥੋੜ੍ਹੀ।

ਹੁਕਮੀ : ਤੂੰ ਇਹ ਗੱਲ ਮੈਨੂੰ ਤਿੰਨ ਵਾਰੀ ਕਹਿ ਚੁੱਕੀ ਏਂ। ਜਦ ਕਿ ਤੈਨੂੰ ਪਤਾ, ਮੈਨੂੰ ਇਹ ਸੁਣਨੀ ਚੰਗੀ ਨਹੀਂ ਲੱਗਦੀ। ਬਹੁਤ ਥੋੜ੍ਹੀ, ਬਹੁਤ ਥੋੜ੍ਹੀ, ਤੂੰ ਵਾਰ ਵਾਰ ਚੇਤੇ ਨਾ ਕਰਾ।

*(ਤਾਰੋ ਆਉਂਦੀ ਹੈ, ਉਹਦੇ ਚਿਹਰੇ 'ਤੇ ਗੂੜ੍ਹੀ ਮੇਕ-ਅੱਪ ਕੀਤੀ ਹੋਈ ਹੈ।)*

ਤਾਰੋ!

ਤਾਰੋ : ਹਾਂ ਅੰਮਾ।

ਹੁਕਮੀ : ਤੇਰੀ ਜੁਰਅਤ ਕਿਵੇਂ ਪਈ, ਮੂੰਹ 'ਤੇ ਏਨਾ ਕੁਝ ਥੱਪਣ ਦੀ, ਤੇ ਆਪਣੇ ਬਾਪ ਦੇ ਸੋਗ ਦੇ ਦਿਨ ਨ੍ਹਾਉਣ ਧੋਣ ਦੀ।

ਤਾਰੋ : ਉਹ ਮੇਰਾ ਬਾਪ ਨਹੀਂ ਸੀ, ਮੇਰਾ ਬਾਪ ਬਹੁਤ ਸਾਲ ਪਹਿਲਾਂ ਮਰ ਗਿਆ ਸੀ। ਕੀ ਤੁਸੀਂ ਇਹ ਗੱਲ ਵੀ ਭੁੱਲ ਚੁੱਕੇ ਓਂ?

ਹੁਕਮੀ : ਤੈਨੂੰ ਆਪਣੇ ਬਾਪ ਨਾਲੋਂ ਆਪਣੀਆਂ ਭੈਣਾਂ ਦੇ ਬਾਪ ਦੀ ਜ਼ਿਆਦਾ ਅਹਿਸਾਨਮੰਦ ਹੋਣਾ ਚਾਹੀਦਾ। ਉਹਦੇ ਸਦਕਾ



WWW.SIKHBOOKCLUB.COM 

ਹੀ ਤੇਰੀ ਕਿਸਮਤ ਸਲਾਮਤ ਰਹੀ।

ਤਾਰੋ : ਪਹਿਲਾਂ ਏਸ ਗੱਲ ਦੀ ਹੀ ਪੜਤਾਲ ਹੋ ਜਾਵੇ।

ਹੁਕਮੀ : ਅਕਲ ਨਾਲ ਗੱਲ ਕਰੀਦੀ ਐ ਤੇ ਵੱਡਿਆਂ ਦਾ ਥੋੜ੍ਹਾ ਆਦਰ ਕਰਨਾ ਸਿੱਖੀਦਾ।

ਤਾਰੋ : ਅੰਮਾ, ਮੈਨੂੰ ਬਾਹਰ ਜਾਣ ਦੇ।

ਹੁਕਮੀ : ਤੈਨੂੰ ਬਾਹਰ ਜਾਣ ਦਿਆਂ ? ਜਾਣ ਦਿਆਂਗੀ, ਪਰ ਪਹਿਲੋਂ ਤੇਰੇ ਬੂਥੇ ਤੋਂ ਇਹ ਧੂੜਾ ਪੂੰਝ ਕੇ। ਲੁੱਚੀ, ਰੰਗੇ ਬੂਥੇ ਵਾਲੀ ਛਨਾਲ। ਬਿਲਕੁਲ ਆਪਣੀ ਭੂਆ ਵਰਗੀ। *(ਰੁਮਾਲ ਲੈ ਕੇ, ਉਸ ਦੇ ਮੂੰਹ ਤੋਂ ਪਾਊਡਰ ਪੂੰਝਦੀ ਹੈ)* ਹੁਣ ਜਾ।

ਪਾਲੋ : ਹੁਕਮੀ, ਗੁੱਸੇ ਵਿਚ ਨਾ ਆ।

ਹੁਕਮੀ : ਮੇਰੀ ਮਾਂ ਪਾਗਲ ਹੋ ਗਈ ਸੀ, ਪਰ ਮੇਰੇ ਅਜੇ ਹੋਸ਼ ਹਵਾਸ ਕਾਇਮ ਨੇ। ਤੇ ਮੈਂ ਜਾਣਦੀ ਆਂ ਮੈਂ ਕੀ ਕਰ ਰਹੀ ਹਾਂ। *(ਸਭ ਦਾਖ਼ਲ ਹੁੰਦੇ ਹਨ।)*

ਦੀਪੋ : ਇਹ ਕੀ ਹੋ ਰਿਹਾ ਏਥੇ ?

ਹੁਕਮੀ : ਕੁਝ ਨਹੀਂ ਹੋ ਰਿਹਾ।

ਦੀਪੋ : *(ਤਾਰੋ ਨੂੰ)* ਜੇ ਤੂੰ ਜਾਇਦਾਦ ਵਿਚ ਆਪਣੇ ਹਿੱਸੇ ਲਈ ਲੜ ਰਹੀਂ ਏਂ, ਤਾਂ ਉਹ ਤੇਰਾ ਸਭ ਤੋਂ ਜ਼ਿਆਦਾ ਏ ਤੇ ਤੂੰ ਉਸ ਨਾਲ ਚੁੰਬੜੀ ਰਹਿ ਸਕਦੀ ਏਂ।

ਤਾਰੋ : ਤੂੰ ਆਪਣੀ ਜ਼ਬਾਨ ਨੂੰ ਮੂੰਹ ਵਿਚ ਰੱਖ।

ਹੁਕਮੀ : ਤੂੰ ਇਹ ਸੋਚਣ ਦੀ ਗ਼ਲਤੀ ਨਾ ਕਰ ਕਿ ਤੂੰ ਮੈਨੂੰ ਝੁਕਾ ਸਕਦੀ ਏਂ। ਜਦ ਤੱਕ ਏਸ ਘਰ ਚੋਂ ਮੇਰੀ ਅਰਥੀ ਨਹੀਂ ਨਿਕਲ ਜਾਂਦੀ, ਏਥੇ ਸਭ ਕੁਝ ਮੇਰੇ ਹੁਕਮ ਨਾਲ ਹੋਵੇਗਾ। *(ਆਵਾਜ਼ਾਂ ਸੁਣਦੀਆਂ ਹਨ, ਮਾਲਾਂ, ਹੁਕਮੀ ਦੀ ਮਾਂ ਪ੍ਰਵੇਸ਼ ਕਰਦੀ ਹੈ। ਉਹ ਬਹੁਤ ਬੁੱਢੀ ਹੈ ਤੇ ਉਸ ਨੇ ਆਪਣੇ ਗਲ਼ ਵਿਚ ਹਾਰ ਪਾਏ ਹੋਏ ਹਨ)*

ਮਾਲਾਂ : ਹੁਕਮੀਏਂ, ਮੇਰੀ ਫੁਲਕਾਰੀ ਕਿੱਥੇ ਐ ? ਮੇਰਾ ਕੋਈ ਗਹਿਣਾ ਤੁਹਾਨੂੰ ਨਹੀਂ ਮਿਲਣਾ। ਨਾ ਮੇਰੀਆਂ ਮੁੰਦਰੀਆਂ, ਨਾ ਟਿੱਕਾ,



WWW.SIKHBOOKCLUB.COM 

ਨਾ ਸੱਗੀ ਫੁੱਲ ਕਿਉਂਕਿ ਤੁਹਾਡਾ ਕਿਸੇ ਦਾ ਵਿਆਹ ਹੀ ਨਹੀਂ ਹੋਣਾ। ਹੁਕਮੀ, ਮੈਨੂੰ ਮੇਰਾ ਮੋਤੀਆਂ ਦਾ ਹਾਰ ਦੇ ਦੇ।

ਹੁਕਮੀ : *(ਨੌਕਰਾਂ ਨੂੰ)* ਤੁਸੀਂ ਇਹਨੂੰ ਏਥੇ ਕਿਉਂ ਆਉਣ ਦਿੱਤਾ?

ਨੌਕਰ : *(ਕੰਬਦਾ ਹੋਇਆ)* ਇਹ ਮੇਰੇ ਹੱਥਾਂ 'ਚੋਂ ਨਿਕਲ ਗਈ।

ਮਾਲਾਂ : ਮੈਂ ਦੌੜ ਆਈ, ਕਿਉਂਕਿ ਮੈਂ ਵਿਆਹ ਕਰਵਾਉਣਾ। ਮੈਂ ਕਿਸੇ ਨਰ ਬੰਦੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ, ਜਿਹੜਾ ਕਿਸੇ ਦਰਿਆ ਦੇ ਕੰਢੇ ਰਹਿੰਦਾ ਹੋਵੇ। ਏਥੇ ਦੇ ਮਰਦ ਤਾਂ ਔਰਤਾਂ ਤੋਂ ਭੱਜਦੇ ਨੇ।

ਹੁਕਮੀ : ਚੁੱਪ ਕਰ ਮਾਂ, ਚੁਪ ਕਰ।

ਮਾਲਾਂ : ਨਹੀਂ। ਮੈਂ ਚੁਪ ਨਹੀਂ ਕਰਨਾ। ਮੈਂ ਇਹ ਕੁਆਰੀਆਂ ਕੁੜੀਆਂ ਨਹੀਂ ਦੇਖ ਸਕਦੀ। ਵਿਆਹ ਨੂੰ ਤਰਸਦੀਆਂ ਕੁੜੀਆਂ, ਜਿਨ੍ਹਾਂ ਦੇ ਦਿਲ ਦਿਨ ਬ ਦਿਨ ਬੁਝ ਰਹੇ ਨੇ, ਰਾਖ਼ ਹੋ ਰਹੇ ਨੇ। ਤੇ ਮੈਂ ਆਪਣੇ ਪਿੰਡ ਜਾਣਾ ਚਾਹੁੰਦੀ ਆਂ। ਹੁਕਮੀਏ, ਮੈਂ ਕਿਸੇ ਮਰਦ ਨਾਲ ਵਿਆਹ ਕਰਾਉਣਾ ਤੇ ਉਸ ਨਾਲ ਸਾਰੀ ਜ਼ਿੰਦਗੀ ਖ਼ੁਸ਼ੀ ਖ਼ੁਸ਼ੀ ਰਹਿਣਾ ਚਾਹੁੰਦੀ ਆਂ।

SIKHBOOKCLUB.COM

ਹੁਕਮੀ : ਬੰਦ ਕਰ ਦਿਉ ਇਹਨੂੰ।

ਮਾਲਾਂ : ਮੈਨੂੰ ਬਾਹਰ ਜਾਣ ਦੇ, ਹੁਕਮੀਏ।

*(ਨੌਕਰ ਮਾਲਾਂ ਨੂੰ ਫੜ ਲੈਂਦਾ ਹੈ)*

ਹੁਕਮੀ : ਪਕੜ ਲਉ, ਇਹਨੂੰ ਸਾਰੇ

*(ਉਹ ਸਾਰੇ ਜਾ ਕੇ ਪਕੜ ਲੈਂਦੇ ਹਨ)*

ਮਾਲਾਂ : ਮੈਂ ਏਥੋਂ ਭੱਜ ਜਾਣਾ ਚਾਹੁੰਦੀ ਆਂ। ਹੁਕਮੀਏ, ਕਿਸੇ ਦਰਿਆ ਕਿਨਾਰੇ ਰਹਿੰਦੇ ਆਦਮੀ ਨਾਲ ਵਿਆਹ ਕਰਵਾਉਣ ਲਈ।

**(ਪਰਦਾ)**

## ਅੰਕ ਦੂਸਰਾ

**ਹੁਕਮੀ ਦੇ ਘਰ ਦਾ ਚਿੱਟਾ ਕਮਰਾ। ਖੱਬੇ ਪਾਸੇ ਵਾਲੇ ਦਰਵਾਜ਼ੇ ਬੈੱਡਰੂਮਾਂ ਵੱਲ ਖੁੱਲ੍ਹਦੇ ਹਨ।**

*(ਹੁਕਮੀ ਦੀਆਂ ਧੀਆਂ ਪੀੜ੍ਹੀਆਂ ਉਤੇ ਬੈਠੀਆਂ ਸੀਣਾ ਪਰੋਣਾ ਕਰ ਰਹੀਆਂ ਹਨ। ਦੀਪੋ ਕਢਾਈ ਕਰ ਰਹੀ ਹੈ। ਪਾਲੋ ਉਹਦੇ ਨਾਲ ਹੈ।)*

ਤਾਰੋ : ਮੈਂ ਤਿੰਨ ਚਾਦਰਾਂ ਕੱਢ ਲਈਆਂ।

ਕਿਰਨ : ਇਹ ਦੀਪੋ ਵਾਸਤੇ ਹੈ।

ਦੀਪੋ : ਤਾਰੋ, ਇਸ ਉਤੇ ਵੀ ਦਿਲਬਾਗ ਦੇ ਨਾਂ ਦੇ ਅੱਖਰ ਕੱਢ ਦਿਆਂ?

ਤਾਰੋ : *(ਰੁੱਖੇਪਨ ਨਾਲ)* ਨਹੀਂ।

ਦੀਪੋ : *(ਉੱਚੀ ਆਵਾਜ਼ ਵਿਚ)* ਚੰਨੋ, ਤੂੰ ਨਹੀਂ ਆਉਣਾ?

ਜੋਤੀ : ਲਗਦਾ ਲੇਟੀ ਹੋਈ ਐ।

ਪਾਲੋ : ਏਸ ਕੁੜੀ ਨੂੰ ਪਤਾ ਨਹੀਂ ਕੀ ਹੋ ਗਿਆ? ਹਰ ਵੇਲੇ ਬੇਚੈਨ ਜਿਹੀ ਰਹਿੰਦੀ ਐ। ਡਰ ਨਾਲ ਕੰਬਦੀ ਜਿਵੇਂ ਕਮੀਜ਼ ਵਿਚ ਕੋਹੜ ਕਿਰਲਾ ਵੜ ਗਿਆ ਹੋਵੇ।

ਕਿਰਨ : ਉਹਨੂੰ ਕੁਝ ਨਹੀਂ ਹੋਇਆ, ਜੋ ਸਾਨੂੰ ਸਾਰੀਆਂ ਨੂੰ ਹੋਇਆ ਹੋਇਆ, ਓਹੀ ਉਹਨੂੰ ਹੋਇਆ।

ਦੀਪੋ : ਹਾਂ, ਸਾਨੂੰ ਸਾਰੀਆਂ ਨੂੰ, ਬੱਸ ਤਾਰੋ ਨੂੰ ਛੱਡ ਕੇ।

ਤਾਰੋ : ਮੈਂ ਖੁਸ਼ ਆਂ ਤੇ ਜਿਸ ਕਿਸੇ ਨੂੰ ਇਸ ਗੱਲ ਦਾ ਦੁੱਖ ਐ, ਉਹ ਸੜ ਭੁਜ ਸਕਦਾ ਹੈ।

ਦੀਪੋ : ਅਸੀਂ ਸਾਰੀਆਂ ਮੰਨਦੀਆਂ ਹਾਂ ਕਿ ਤੇਰੇ ਕੋਲ ਸਭ ਤੋਂ ਸੋਹਣੀ ਚੀਜ਼ ਤੇਰੀ ਸ਼ਕਲ ਮੂਰਤ ਐ ਤੇ ਇਕ ਤੇਰੀ ਜਵਾਨ ਉਮਰ।



WWW.SIKHBOOKCLUB.COM 

ਤਾਰੋ : ਰੱਬ ਦਾ ਸ਼ੁਕਰ ਐ, ਮੈਂ ਬਹੁਤ ਜਲਦੀ ਇਸ ਨਰਕ ਵਿਚੋਂ ਬਾਹਰ ਨਿਕਲ ਜਾਵਾਂਗੀ।

ਦੀਪੋ : ਹੋ ਸਕਦਾ ਨਾ ਹੀ ਨਿਕਲੇਂ।

ਕਿਰਨ : ਬੰਦ ਕਰੋ ਇਹ ਗੱਲ।

ਤਾਰੋ : ਸੁਹਣੀਆਂ ਅੱਖਾਂ ਨਾਲੋਂ ਵੀ ਸੁਹਣਾ ਹੁੰਦਾ ਹੈ ਚੰਗਾ ਦਾਜ।

ਦੀਪੋ : ਜੋ ਤੂੰ ਕਹਿੰਦੀ ਏਂ ਅਸੀਂ ਏਸ ਕੰਨ ਵਿਚੋਂ ਸੁਣਦੇ ਆਂ, ਦੂਜੇ ਵਿਚੋਂ ਕੱਢ ਦਿੰਨੇ ਆਂ।

ਜੋਤੀ : *(ਪਾਲੋ ਬੂਹਾ ਖੋਲ੍ਹਦੀ ਹੈ)*

ਕਿਰਨ : ਕੱਲ੍ਹ ਰਾਤ ਕਿੰਨੀ ਗਰਮੀ ਸੀ, ਨੀਂਦ ਹੀ ਨਹੀਂ ਆਈ।

ਜੋਤੀ : ਮੈਨੂੰ ਵੀ ਨਹੀਂ।

ਦੀਪੋ : ਮੈਂ ਜ਼ਰਾ ਹਵਾ ਲੈਣ ਲਈ ਉੱਠੀ। ਏਧਰਲੀ ਗੁੱਠ ਵਿਚ ਕਾਲਾ ਬੱਦਲ ਸੀ ਤੇ ਇਕ ਦੋ ਬੂੰਦਾਂ ਵੀ ਡਿੱਗੀਆਂ।

ਪਾਲੋ : ਰਾਤ ਦਾ ਇਕ ਵੱਜਿਆ ਹੋਵੇਗਾ। ਧਰਤੀ ਅੱਗ ਵਾਂਗ ਤਪ ਰਹੀ ਸੀ। ਮੈਂ ਉੱਠ ਕੇ ਬੈਠ ਗਈ। ਤਾਰੋ ਓਦੋਂ ਵੀ ਦਿਲਬਾਗ ਕੋਲ ਖੜੀ ਸੀ।

ਦੀਪੋ : ਏਨੀ ਦੇਰ ਤੱਕ ? ਕਿੰਨੇ ਵਜੇ ਗਿਆ ਉਹ, ਤਾਰੋ ?

ਤਾਰੋ : ਜੇ ਤੁਸੀਂ ਆਪ ਹੀ ਦੇਖ ਲਿਆ ਤਾਂ ਤੁਸੀਂ ਮੈਨੂੰ ਕਾਹਦੇ ਲਈ ਪੁੱਛਦੀਆਂ ਓਂ ?

ਜੋਤੀ : ਉਹ ਕੋਈ ਡੇਢ ਵਜੇ ਗਿਆ ਹੋਵੇਗਾ।

ਤਾਰੋ : ਹਾਂ ਪਰ ਤੈਨੂੰ ਕਿਵੇਂ ਪਤਾ ?

ਜੋਤੀ : ਮੈਂ ਉਹਨੂੰ ਖੰਘਦਿਆਂ ਸੁਣਿਆਂ ਤੇ ਨਾਲੇ ਉਹਦੇ ਘੋੜੇ ਦੀ ਪੈੜਚਾਲ ਸੁਣੀ।

ਪਾਲੋ : ਪਰ ਮੈਂ ਤਾਂ ਚਾਰ ਕੁ ਵਜੇ ਉਹਦੇ ਜਾਣ ਦੀ ਆਵਾਜ਼ ਸੁਣੀ।

ਤਾਰੋ : ਉਹ ਕੋਈ ਹੋਰ ਹੋਣਾ।

ਪਾਲੋ : ਨਹੀਂ, ਮੈਨੂੰ ਪੱਕਾ ਪਤਾ ਉਹ ਓਹੀ ਸੀ।

ਜੋਤੀ : ਮੈਨੂੰ ਵੀ ਏਸ ਤਰ੍ਹਾਂ ਹੀ ਲਗਦਾ।

ਦੀਪੋ : ਬੜੀ ਅਜੀਬ ਗੱਲ ਐ।

*(ਵਕਫ਼ਾ)*



WWW.SIKHBOOKCLUB.COM 

ਪਾਲੋ : ਤਾਰੋ, ਇਹ ਦੱਸ, ਜਦੋਂ ਉਹ ਪਹਿਲੀ ਵਾਰ ਤੈਨੂੰ ਮਿਲਿਆ ਤਾਂ ਉਹਨੇ ਕੀ ਕਿਹਾ ਸੀ?

ਤਾਰੋ : ਕੁਝ ਵੀ ਨਹੀਂ। ਉਹਨੇ ਕੀ ਕਹਿਣਾ ਸੀ? ਬੱਸ ਗੱਲਾਂ ਕੀਤੀਆਂ।

ਕਿਰਨ : ਸੱਚੀਂ ਬੜੀ ਅਜੀਬ ਗੱਲ ਐ ਕਿ ਦੋ ਜਾਣੇ, ਜੋ ਇਕ ਦੂਜੇ ਨੂੰ ਕਦੀ ਨਹੀਂ ਮਿਲੇ, ਬੱਸ ਪਹਿਲੀ ਵਾਰ ਮਿਲੇ ਤੇ ਉਨ੍ਹਾਂ ਦੀ ਮੰਗਣੀ ਹੋ ਗਈ।

ਤਾਰੋ : ਮੈਨੂੰ ਤਾਂ ਇਹ ਕੋਈ ਅਜੀਬ ਗੱਲ ਨਹੀਂ ਲੱਗਗੀ।

ਜੋਤੀ : ਮੈਨੂੰ ਤਾਂ ਬੜੀ ਅਜੀਬ ਲੱਗਦੀ ਸੀ।

ਤਾਰੋ : ਜਦੋਂ ਕੋਈ ਬੰਦਾ ਇਉਂ ਹੱਥ ਮੰਗਣ ਆਉਂਦਾ ਹੈ ਤਾਂ ਉਹਨੂੰ ਆਪਣੇ ਅੰਦਾਜ਼ਿਆਂ ਨਾਲ ਤੇ ਦੱਸ ਪੁੱਛ ਨਾਲ ਇਹ ਤਾਂ ਪਤਾ ਲੱਗ ਹੀ ਗਿਆ ਹੁੰਦਾ ਕਿ ਉਹਨੂੰ ਨਾਂਹ ਨਹੀਂ ਹੋਣੀ।

ਕਿਰਨ : ਮੰਨ ਲਿਆ, ਪਰ ਇਹ ਦੱਸ ਉਹਨੇ ਆਪ ਤੇਰਾ ਹੱਥ ਮੰਗਿਆ?

ਤਾਰੋ : ਹਾਂ।

ਜੋਤੀ : *(ਜਿਗਿਆਸਾ ਨਾਲ)* ਕਿਸ ਤਰ੍ਹਾਂ ਮੰਗਿਆ?

ਤਾਰੋ : ਬੱਸ, ਕੁਝ ਖ਼ਾਸ ਨਹੀਂ, ਕਹਿਣ ਲੱਗਾ-"ਤਾਰੋ, ਤੈਨੂੰ ਪਤਾ, ਤੂੰ ਮੈਨੂੰ ਬਹੁਤ ਪਿਆਰੀ ਲਗਦੀ ਐਂ। ਮੈਨੂੰ ਕਿਸੇ ਚੰਗੀ ਕੁੜੀ ਦੀ ਤਲਾਸ਼ ਸੀ, ਜਿਸਦਾ ਪਾਲਣ ਪੋਸ਼ਣ ਵਧੀਆ ਤਰ੍ਹਾਂ ਹੋਇਆ ਹੋਵੇ। ਤੇਰੇ ਵਿਚ ਮੈਂ ਇਹ ਸਭ ਗੱਲਾਂ ਦੇਖਦਾ ਹਾਂ। ਜੇ ਤੈਨੂੰ ਮਨਜ਼ੂਰ ਹੋਵੇ ਤਾਂ ਮੈਂ ਤੇਰੇ ਘਰਦਿਆਂ ਨਾਲ ਗੱਲ ਕਰਾਂ"

ਜੋਤੀ : ਮੈਨੂੰ ਤਾਂ ਇਹੋ ਜਿਹੀਆਂ ਗੱਲਾਂ ਤੋਂ ਬਹੁਤ ਸੰਗ ਆਉਂਦੀ ਐ।

ਤਾਰੋ : ਸੰਗ, ਤਾਂ ਮੈਨੂੰ ਵੀ ਆਉਂਦੀ ਐ, ਪਰ ਇਨ੍ਹਾਂ ਗੱਲਾਂ ਵਿਚੋਂ ਲੰਘਣਾ ਹੀ ਪੈਂਦਾ।

ਪਾਲੋ : ਉਹਨੇ ਹੋਰ ਕੀ ਕਿਹਾ?

ਤਾਰੋ : ਬਹੁਤ ਗੱਲਾਂ ਕੀਤੀਆਂ।



WWW.SIKHBOOKCLUB.COM 

| | | |
|---|---|---|
| ਕਿਰਨ | : | ਤੇ ਤੂੰ ? |
| ਤਾਰੋ | : | ਮੈਥੋਂ ਤਾਂ ਇਕ ਲਫ਼ਜ਼ ਨਹੀਂ ਬੋਲ ਹੋਇਆ। ਮੇਰਾ ਤਾਂ ਦਿਲ ਏਨੀ ਜ਼ੋਰ ਦੀ ਧੜਕਦਾ ਸੀ, ਲਗਦਾ ਸੀ ਕਿ ਉਛਲ ਕੇ ਬਾਹਰ ਡਿਗ ਪਵੇਗਾ। ਜ਼ਿੰਦਗੀ ਵਿਚ ਪਹਿਲੀ ਵਾਰੀ ਮੈਂ ਕਿਸੇ ਮਰਦ ਕੋਲ ਏਨਾ ਚਿਰ ਖੜ੍ਹੀ ਹੋਈ ਆਂ। |
| ਦੀਪੋ | : | ਤੇ ਮਰਦ ਵੀ ਏਨਾ ਸੁਹਣਾ। |
| ਤਾਰੋ | : | ਹਾਂ, ਬੁਰਾ ਨਹੀਂ। |
| ਪਾਲੋ | : | ਜਿਨ੍ਹਾਂ ਮਰਦਾਂ ਨੂੰ ਚੱਜ ਹੁੰਦਾ, ਉਹ ਇਸ ਤਰ੍ਹਾਂ ਹੀ ਕਰਦੇ ਨੇ। ਉਨ੍ਹਾਂ ਨੂੰ ਪਤਾ ਹੁੰਦਾ, ਕਿਸ ਤਰ੍ਹਾਂ ਗੱਲ ਕਰਨੀ ਆਂ, ਕਿਸ ਤਰ੍ਹਾਂ ਹੱਥਾਂ ਦੀ ਹਰਕਤ ਕਰਨੀ ਐਂ। ਜਦ ਮੈਨੂੰ, ਮੇਰਾ ਘਰ ਵਾਲਾ ਪਹਿਲੀ ਵਾਰ ਮਿਲਿਆ। ਸ਼ਾਮ ਦਾ ਘੁਸਮੁਸਾ ਸੀ, ਮੈਂ ਉਹਨੂੰ ਦੂਰੋਂ ਆਉਂਦਾ ਦੇਖਿਆ। ਉਹ ਕਹਿਣ ਲੱਗਾ ਸਾਸਰੀ ਕਾਲ, ਮੈਂ ਕਿਹਾ ਸਾਸਰੀ ਕਾਲ। ਫੇਰ ਅਸੀਂ ਦੋਵੇਂ ਚੁਪ ਕਰ ਗਏ। ਅੱਧਾ ਘੰਟਾ। ਸਾਨੂੰ ਕੋਈ ਗੱਲ ਨਾ ਅਹੁੜੇ। ਮੈਂ ਤਾਂ ਮੁੜ੍ਹਕੋ ਮੁੜ੍ਹਕੀ ਹੋ ਗਈ। ਫੇਰ ਉਹ ਮੇਰੇ ਨੇੜੇ ਆ ਗਿਆ। ਕਹਿਣ ਲੱਗਾ - ਮੇਰੇ ਕੋਲ ਆ, ਮੈਂ ਜ਼ਰਾ ਤੈਨੂੰ ਟੋਹ ਕੇ ਦੇਖ ਲਵਾਂ। *(ਉਹ ਸਾਰੀਆਂ ਹੱਸਦੀਆਂ ਹਨ। ਦੀਪੋ ਖੜੀ ਹੁੰਦੀ ਹੈ, ਦੌੜ ਜਾਂਦੀ ਹੇ ਤੇ ਬਾਹਰ ਬੂਹੇ 'ਚ ਜਾ ਕੇ ਖੜੀ ਹੋ ਜਾਂਦੀ ਹੈ। ਹੱਸਦੀਆਂ ਹਨ।)* |
| ਜੋਤੀ | : | ਹਾਏ, ਮੈਨੂੰ ਲੱਗਾ ਅੰਮਾਂ ਆ ਰਹੀ ਹੈ। |
| ਦੀਪੋ | : | ਅੰਮੀ ਸਾਨੂੰ ਕੀ ਕਰ ਲਊ ?<br>*(ਹੱਸੀ ਜਾਂਦੀਆਂ ਹਨ)* |
| ਜੋਤੀ | : | ਚੁੱਪ, ਚੁੱਪ, ਅੰਮਾਂ ਸੁਣ ਲਵੇਗੀ। |
| ਪਾਲੋ | : | ਵਿਆਹ ਤੋਂ ਬਾਅਦ ਮੇਰਾ ਘਰ ਵਾਲਾ ਸੁਧਰ ਗਿਆ ਸੀ। ਮਰਨ ਵੇਲੇ ਤੱਕ ਉਹ ਕੁਕੜ ਕੁਕੜੀਆਂ ਪਾਲਦਾ ਰਿਹਾ। ਤੁਹਾਡੇ ਅਜੇ ਵਿਆਹ ਨਹੀਂ ਹੋਏ, ਪਰ ਤੁਹਾਨੂੰ ਮੈਂ ਦੱਸ ਦੇਵਾਂ, ਇੱਕ ਗੱਲ ਤੁਹਾਡੀ ਜਾਣਕਾਰੀ ਲਈ। ਵਿਆਹ ਤੋਂ ਦੋ ਹਫ਼ਤੇ ਬਾਅਦ ਮਰਦ ਸੇਜ ਛੱਡ ਕੇ ਚੌਕੀ ਤੇ ਆ ਬਹਿੰਦੇ |



WWW.SIKHBOOKCLUB.COM 

ਨੇ। ਖਾਣ ਵਾਲੀ ਚੌਂਕੀ ਤੇ। ਤੇ ਕੁਝ ਹਫਤਿਆਂ ਬਾਅਦ ਚੌਂਕੀ ਵੀ ਛੱਡ ਜਾਂਦੇ ਆ। ਤੇ ਠੇਕੇ ਜਾ ਬਹਿੰਦੇ ਆ। ਜਿਹੜੀ ਔਰਤ ਨੂੰ ਇਹ ਚੰਗਾ ਨਾ ਲੱਗੇ। ਉਹ ਸਿਰਫ਼ ਝੂਰ ਸਕਦੀ ਆ। ਜਾਂ ਕਿਸੇ ਖੂੰਜੇ ਬਹਿ ਕੇ ਰੋ ਸਕਦੀ ਆ।

ਜੋਤੀ : ਤੈਨੂੰ ਇਹ ਸਭ ਕੁਝ ਠੀਕ ਲੱਗਿਆ ਸੀ ?

ਪਾਲੋ : ਨਹੀਂ, ਮੈਂ ਆਪਣੇ ਘਰ ਵਾਲੇ ਨੂੰ ਈ ਠੀਕ ਕਰ ਲਿਆ ਸੀ।

ਕਿਰਨ : ਕੀ ਇਹ ਸੱਚੀ ਗੱਲ ਐ ਕਿ ਤੂੰ ਉਹਨੂੰ ਕਦੀ ਕਦੀ ਕੁੱਟਦੀ ਵੀ ਹੁੰਦੀ ਸੀ ?

ਪਾਲੋ : ਹਾਂ, ਇਕ ਵਾਰ ਤਾਂ ਮੈਂ ਉਹਦੀ ਅੱਖ ਹੀ ਕੱਢ ਦੇਣ ਲੱਗੀ ਸੀ।

ਦੀਪੋ : ਸਾਰੀਆਂ ਔਰਤਾਂ ਤੇਰੇ ਵਰਗੀਆਂ ਈ ਚਾਹੀਦੀਆਂ।

ਪਾਲੋ : ਮੈਂ ਵੀ ਤੁਹਾਡੀ ਮਾਂ ਵਰਗੀ ਆਂ। ਇਕ ਵਾਰ ਪਤਾ ਨਹੀਂ ਮੇਰੇ ਘਰ ਵਾਲੇ ਨੇ ਮੈਨੂੰ ਕੀ ਕਹਿ ਦਿੱਤਾ, ਮੈਂ ਉਹਦੀਆਂ ਸਾਰੀਆਂ ਬੋਤਲਾਂ ਤੋੜ ਦਿੱਤੀਆਂ। ਵੇਲਣਾ ਚੁੱਕ ਕੇ ਵਗਾਹਤਾ ਉਹਦੇ ਮਾਰਿਆ।

ਦੀਪੋ : ਤਾਰੋ, ਤੂੰ ਵੀ ਸੁਣ ਲੈ ਸਾਰੀਆਂ ਗੱਲਾਂ।

ਜੋਤੀ : *(ਆਵਾਜ਼ ਮਾਰਦੀ ਹੈ)* ਓ ਚੰਨੋ।

ਦੀਪੋ : ਮੈਂ ਦੇਖ ਕੇ ਲਿਆਉਨੀ ਆਂ।

ਪਾਲੋ : ਉਹਦੀ ਵਿਚਾਰੀ ਦੀ ਤਬੀਅਤ ਨਹੀਂ ਠੀਕ।

ਕਿਰਨ : ਉਹਦੀ ਨੀਂਦ ਵੀ ਬਹੁਤ ਘਟ ਗਈ ਏ। ਮਸੀਂ ਦੋ ਘੰਟੇ ਅੱਖ ਲੱਗਦੀ ਹੋਊ।

ਪਾਲੋ : ਕੀ ਕਰਦੀ ਰਹਿੰਦੀ ਆ ?

ਕਿਰਨ : ਕੀ ਪਤਾ ਕੀ ਕਰਦੀ ਰਹਿੰਦੀ ਆ।

ਤਾਰੋ : ਕਈਆਂ ਨੂੰ ਈਰਖਾ ਈ ਵੱਢ-ਵੱਢ ਖਾਣ ਲੱਗ ਪੈਂਦੀ ਆ।

ਜੋਤੀ : ਤਾਰੋ, ਐਵੇਂ ਵਾਧੂ ਗੱਲ ਨਹੀਂ ਕਰੀਦੀ।

ਤਾਰੋ : ਮੈਨੂੰ ਉਹਦੀਆਂ ਨਜ਼ਰਾਂ ਹੀ ਦੱਸਦੀਆਂ। ਉਹਦੀ ਸ਼ਕਲ ਪਾਗਲ ਔਰਤਾਂ ਵਰਗੀ ਹੋਈ ਜਾਂਦੀ ਐ।

ਕਿਰਨ : ਪਾਗਲ ਔਰਤਾਂ ਦੀ ਗੱਲ ਨਾ ਕਰ। ਏਸ ਘਰ ਵਿਚ ਉਨ੍ਹਾਂ



WWW.SIKHBOOKCLUB.COM 

ਦਾ ਜ਼ਿਕਰ ਮਨ੍ਹਾ ਹੈ।

*(ਦੀਪੋ ਤੇ ਚੰਨੋ ਆਉਂਦੀਆਂ ਹਨ)*

ਦੀਪੋ : ਇਹ ਤਾਂ ਨਿਢਾਲ ਹੋਈ ਪਈ ਸੀ।

ਚੰਨੋ : ਮੇਰਾ ਤਾਂ ਅੰਗ ਅੰਗ ਦੁਖਦਾ।

ਕਿਰਨ : *(ਗੁੱਝੇ ਅਰਥਾਂ ਨਾਲ)* ਤੈਨੂੰ ਰਾਤ ਚੰਗੀ ਤਰ੍ਹਾਂ ਨੀਂਦ ਨਹੀਂ ਆਈ ?

ਚੰਨੋ : ਆਈ ਸੀ

ਕਿਰਨ : ਫੇਰ ?

ਚੰਨੋ : *(ਉੱਚੀ)* ਮੈਨੂੰ ਨਹੀਂ ਪਤਾ ਨੀਂਦ ਆਈ ਕਿ ਜਾਗ ਆਈ। ਬੱਸ ਮੈਨੂੰ ਤੁਸੀਂ ਮੇਰੇ ਹਾਲ 'ਤੇ ਰਹਿਣ ਦਿਓ। ਤੁਹਾਨੂੰ ਇਸ ਨਾਲ ਕੀ। ਮੈਂ ਆਪਣੀ ਜ਼ਿੰਦਗੀ ਨਾਲ ਜੋ ਮਰਜ਼ੀ ਕਰਾਂ।

ਕਿਰਨ : ਪਰ ਮੈਨੂੰ ਤਾਂ ਤੇਰੀ ਬੜੀ ਚਿੰਤਾ ਐ।

ਚੰਨੋ : ਚਿੰਤਾ ਕਿ ਮੇਰਾ ਹਾਲ ਜਾਨਣ ਦੀ ਕਾਹਲੀ ? ਤੂੰ ਸੀਊਂ ਰਹੀ ਸੀ ਨਾ, ਸੀਊਂਈ ਚੱਲ। ਮੇਰਾ ਤਾਂ ਜੀ ਕਰਦਾ ਮੇਰੇ ਕੋਲ ਸੁਲੇਮਾਨੀ ਟੋਪੀ ਹੋਵੇ, ਜਿਹਨੂੰ ਪਹਿਨ ਕੇ ਅਲੋਪ ਹੋ ਜਾਵਾਂ। ਇਕ ਕਮਰੇ 'ਚੋਂ ਦੂਜੇ ਕਮਰੇ ਵਿਚ ਜਾਂਦੀ ਵੀ ਨਜ਼ਰ ਨਾ ਆਵਾਂ ਤੇ ਮੈਨੂੰ ਕੋਈ ਨਾ ਪੁਛੇ ਕਿੱਧਰ ਜਾ ਰਹੀ ਏਂ।

ਨੌਕਰ : *(ਪ੍ਰਵੇਸ਼ ਕਰਦਿਆਂ)* ਤੁਹਾਨੂੰ ਅੰਮਾ ਬੁਲਾ ਰਹੀ ਐ। ਗੋਟੇ ਕਿਨਾਰੀਆਂ ਤੇ ਲੇਸਾਂ ਵੇਚਣ ਵਾਲਾ ਭਾਈ ਆਇਆ।

*(ਚੰਨੋ ਤੇ ਪਾਲੋ ਤੋਂ ਇਲਾਵਾ ਬਾਕੀ ਸਾਰੀਆਂ ਜਾਂਦੀਆਂ ਹਨ। ਤਾਰੋ ਜਾਣ ਤੋਂ ਪਹਿਲਾਂ ਟਿਕਟਿਕੀ ਲਾ ਕੇ ਚੰਨੋ ਵੱਲ ਦੇਖਦੀ ਹੈ।)*

ਚੰਨੋ : ਮੇਰੇ ਵੱਲ ਇਸ ਤਰ੍ਹਾਂ ਨਾ ਦੇਖ। ਜੇ ਤੂੰ ਚਾਹੁੰਦੀ ਏ ਤਾਂ ਮੈਂ ਤੈਨੂੰ ਆਪਣੀਆਂ ਅੱਖਾਂ ਦੇ ਦੇਨੀਆਂ ਕਿਉਂਕ ਇਨ੍ਹਾਂ 'ਚ ਜ਼ਰਾ ਜਵਾਨੀ ਬਾਕੀ ਆ। ਮੈਂ ਤੈਨੂੰ ਆਪਣੇ ਮੌਰ ਵੀ ਦੇ ਦਿੰਦੀ ਆਂ ਤਾਂ ਜੋ ਤੇਰਾ ਕੁੱਬ ਠੀਕ ਹੋ ਜਾਵੇ। ਪਰ ਰੱਬ ਦੇ ਵਾਸਤੇ ਮੇਰੇ ਕੋਲੋਂ ਲੰਘਦਿਆਂ ਦੂਜੇ ਪਾਸੇ ਦੇਖਿਆ ਕਰ।



WWW.SIKHBOOKCLUB.COM 

ਪਾਲੋ : ਚੰਨੋ ਬੇਟੀ, ਉਹ ਤੇਰੀ ਭੈਣ ਆ। ਨਾਲੇ ਤੈਨੂੰ ਸਭ ਤੋਂ ਵੱਧ ਪਿਆਰ ਵੀ ਏਹੀ ਕਰਦੀ ਐ।

ਚੰਨੋ : ਪਰ ਇਹ ਹਮੇਸ਼ਾ ਮੇਰਾ ਪਿੱਛਾ ਕਰਦੀ ਐ। ਕਦੀ ਕਦੀ ਮੇਰੇ ਕੋਲ ਇਹ ਦੇਖਣ ਵੀ ਆ ਜਾਂਦੀ ਐ ਕਿ ਮੈਂ ਸੁੱਤੀ ਆਂ ਕਿ ਜਾਗਦੀ। ਇਹ ਮੈਨੂੰ ਸਾਹ ਵੀ ਨਹੀਂ ਲੈਣ ਦਿੰਦੀ। ਏਨੇ ਕੀ ਹਾਲ ਕੀਤਾ ਆਪਣੇ ਚਿਹਰੇ ਦਾ! ਕੀ ਹਾਲ ਕੀਤਾ ਆਪਣੇ ਸਰੀਰ ਦਾ। ਸੱਤਿਆਨਾਸ ਕਰ ਲਵੇਗੀ। ਪਰ ਮੈਂ ਇਉਂ ਨਈ ਹੋਣ ਦਿਆਂਗੀ। ਮੇਰਾ ਸਰੀਰ ਓਸੇ ਦਾ ਹੋਵੇਗਾ, ਜਿਸਨੂੰ ਮੈਂ ਚੁਣਾਂਗੀ।

ਪਾਲੋ : *(ਗੁੱਝੀ ਟਕੋਰ ਕਰਦਿਆਂ, ਹੌਲੀ ਆਵਾਜ਼ ਵਿਚ)* ਦਿਲਬਾਗ ਦਾ?

ਚੰਨੋ : *(ਡਰੀ ਹੋਈ)* ਕੀ ਮਤਲਬ?

ਪਾਲੋ : ਓਹੀ ਮਤਲਬ, ਜੋ ਮੈਂ ਕਿਹਾ, ਚੰਨੋ।

ਚੰਨੋ : ਬਕਵਾਸ ਬੰਦ ਕਰ।

ਪਾਲੋ : *(ਉੱਚੀ ਆਵਾਜ਼ ਵਿਚ)* ਤੈਨੂੰ ਨਹੀਂ ਪਤਾ, ਮੈਂ ਸਭ ਕੁਝ ਦੇਖ ਲਿਆ ਸੀ।

SIKHBOOKCLUB.COM

ਚੰਨੋ : ਹੌਲੀ ਬੋਲ.....।

ਪਾਲੋ : ਤੂੰ ਵੀ ਭੁੱਲ ਜਾ, ਜੋ ਤੂੰ ਸੋਚਦੀ ਏਂ।

ਚੰਨੋ : ਤੈਨੂੰ ਪਤਾ ਮੈਂ ਕੀ ਸੋਚਦੀ ਆਂ?

ਪਾਲੋ : ਅਸੀਂ ਬੁੱਢੀਆਂ, ਕੰਧਾਂ ਦੇ ਆਰ ਪਾਰ ਦੇਖ ਲੈਂਦੀਆਂ। ਤੂੰ ਰਾਤ ਨੂੰ ਉੱਠ ਕੇ ਕਿੱਥੇ ਜਾਂਦੀ ਏਂ?

ਚੰਨੋ : ਮੈਂ ਚਾਹੁੰਦੀ ਆਂ ਤੂੰ ਅੰਨ੍ਹੀ ਹੁੰਦੀ।

ਪਾਲੋ : ਪਰ ਜਿੱਥੋਂ ਤੱਕ ਇਹੋ ਜਿਹੀ ਗੱਲਾਂ ਦਾ ਸੰਬੰਧ ਐ ਮੇਰੇ ਹੱਥ ਦਿਆਂ ਪੋਟਿਆਂ ਵਿਚ ਵੀ ਅੱਖਾਂ ਨੇ। ਪਰ ਮੈਨੂੰ ਇਹ ਵੀ ਪਤਾ ਤੂੰ ਚਾਹੁੰਦੀ ਕੀ ਏਂ। ਕੱਲ੍ਹ ਰਾਤ ਜਦੋਂ ਦਿਲਬਾਗ ਤੇਰੀ ਭੈਣ ਨੂੰ ਮਿਲਣ ਆਇਆ। ਤੂੰ ਆਪਣੀ ਬਾਰੀ ਵਿਚ ਅਧਨੰਗੀ ਖੜੀ ਸੀ, ਤੇ ਉਹ ਵੀ ਲਾਲਟੈਣ ਬਾਲ ਕੇ।

ਚੰਨੋ : ਇਹ ਝੂਠ ਐ।

ਪਾਲੋ : ਦੇਖ ਤੂੰ ਬਚਪਨਾ ਨਾ ਕਰ। ਆਪਣੀ ਭੈਣ ਦੇ ਰਾਹ ਵਿਚ ਨਾ ਆ। ਜੇ ਤੈਨੂੰ ਦਿਲਬਾਗ ਨਾਲ ਪਿਆਰ ਹੈ ਤਾਂ ਉਹਨੂੰ ਦਿਲ ਵਿਚ ਹੀ ਰੱਖ।

*(ਚੰਨੋ ਰੋਣ ਲੱਗ ਪੈਂਦੀ ਹੈ।)*

ਦੂਜੀ ਗੱਲ ਇਹ ਆ, ਕੌਣ ਕਹਿੰਦਾ ਤੇਰਾ ਕਦੀ ਦਿਲਬਾਗ ਨਾਲ ਵਿਆਹ ਨਹੀਂ ਹੋ ਸਕਦਾ, ਤੇਰੀ ਭੈਣ ਤਾਂ ਵਿਚਾਰੀ ਬੀਮਾਰ ਜੇਹੀ ਆ। ਮੇਰਾ ਨੀ ਖ਼ਿਆਲ ਉਹ ਬੱਚੇ ਜੰਮ ਸਕੇ। ਮੇਰਾ ਤਜਰਬਾ ਏਹੀ ਕਹਿੰਦਾ ਉਹਨੇ ਤਾਂ ਪਹਿਲਾ ਬੱਚਾ ਜੰਮਣ ਲੱਗਿਆਂ ਮਰ ਜਾਣਾ। ਤੇ ਫੇਰ ਦਿਲਬਾਗ ਓਹੀ ਕਰੇਗਾ, ਜੋ ਹਰੇਕ ਬੰਦਾ ਕਰਦਾ, ਜਿਹਦੀ ਘਰਵਾਲੀ ਮਰ ਜਾਵੇ, ਉਹ ਆਪਣੀ ਛੋਟੀ ਤੇ ਸਭ ਤੋਂ ਸੁਹਣੀ ਸਾਲੀ ਨਾਲ ਵਿਆਹ ਕਰਵਾਏਗਾ। ਤੇ ਉਹ ਤੂੰ ਈ ਐਂ। ਤੂੰ ਇਸ ਉਮੀਦ ਤੇ ਜੀਊਂਦੀ ਰਹਿ। ਅਜੇ ਹੋਰ ਸਭ ਕੁਝ ਭੁੱਲ ਜਾ, ਪਰ ਦੇਖ, ਰੱਬ ਦੀ ਰਜ਼ਾ ਦੇ ਖ਼ਿਲਾਫ਼ ਨਾ ਜਾ।

ਚੰਨੋ : ਚੁਪ ਕਰ।

ਪਾਲੋ : ਮੈਂ ਨਹੀਂ ਚੁਪ ਕਰਦੀ।

SIKHBOOKCLUB.COM

ਚੰਨੋ : ਤੂੰ ਆਪਣਾ ਕੰਮ ਕਰ। ਮੁਖ਼ਬਰ ਕਿਸੇ ਥਾਂ ਦੀ, ਜਸੂਸ।

ਪਾਲੋ : ਮੈਂ ਪਰਛਾਂਵੇਂ ਵਾਂਗ ਤੇਰਾ ਪਿੱਛਾ ਕਰਾਂਗੀ।

ਚੰਨੋ : ਘਰ ਦੀ ਸਫ਼ਾਈ ਕਰਨ ਤੇ ਰੱਬ ਦਾ ਨਾਂ ਲੈਣ ਦੀ ਥਾਂ ਤੂੰ ਬੁੱਢੀ ਸੂਰਨੀ ਵਾਂਗ ਰੂੜੀਆਂ ਫਰੋਲਦੀ ਫਿਰਦੀ ਏਂ ਤਾਂ ਜੋ ਮਰਦਾਂ ਤੀਵੀਆਂ ਦੀ ਗੱਲ ਲਭ ਜਾਵੇ ਤੇ ਉਸ ਉਪਰ ਲਾਲ਼ਾਂ ਟਪਕਾ ਸਕੇਂ।

ਪਾਲੋ : ਮੈਂ ਪਹਿਰਾ ਦਿੰਦੀ ਆਂ, ਤਾਂ ਜੋ ਲੋਕ ਇਸ ਘਰ ਦੇ ਬੂਹੇ 'ਤੇ ਥੁੱਕ ਕੇ ਨਾ ਲੰਘਣ।

ਚੰਨੋ : ਅਚਾਨਕ ਤੈਨੂੰ ਬੜਾ ਹੇਜ ਜਾਗ ਪਿਆ ਸਾਡੇ ਘਰ ਦਾ ਤੇ ਸਾਡਾ।

ਪਾਲੋ : ਮੈਨੂੰ ਤੁਹਾਡੇ ਚੋਂ ਕਿਸੇ ਨਾਲ ਕੋਈ ਪਿਆਰ ਨਹੀਂ। ਮੈਂ ਤਾਂ ਇਕ ਸਾਊ ਤੇ ਖ਼ਾਨਦਾਨੀ ਘਰ ਵਿਚ ਰਹਿਣਾ ਚਾਹੁੰਦੀ

ਆਂ ਤੇ ਨਹੀਂ ਚਾਹੁੰਦੀ ਬੁੱਢੇ ਵਾਰੇ ਮੇਰਾ ਝਾਟਾ ਖਰਾਬ ਹੋਵੇ।

ਚੰਨੋ : ਤੂੰ ਆਪਣੀਆਂ ਨਸੀਹਤਾਂ ਆਪਣੇ ਕੋਲ ਹੀ ਰੱਖ। ਅੱਗੇ ਹੀ ਬਹੁਤ ਦੇਰ ਹੋ ਚੁੱਕੀ ਹੈ। ਤੇ ਮੈਂ ਇਸ ਅੱਗ ਨੂੰ ਬੁਝਾਉਣ ਲਈ ਜਿਹੜੀ ਮੇਰੇ ਜੀਅ ਜਾਮੇ ਨੂੰ ਲੱਗੀ ਹੋਈ ਏ, ਆਪਣੀ ਮਾਂ ਨੂੰ ਵੀ ਉਲੰਘ ਜਾਵਾਂਗੀ, ਤੂੰ ਤਾਂ ਇਸ ਘਰ ਦੀ ਨੌਕਰਾਣੀ ਏਂ। ਤੂੰ ਮੇਰੇ ਬਾਰੇ ਕੀ ਕਵ੍ਹੇਂਗੀ? ਏਹੀ ਕਿ ਮੈਂ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲੈਂਦੀ ਆਂ ਤੇ ਦਰਵਾਜ਼ਾ ਨਹੀਂ ਖੋਲ੍ਹਦੀ? ਤੇ ਸਾਰੀ ਸਾਰੀ ਰਾਤ ਜਾਗਾਂ। ਨਹੀਂ ਮੈਂ ਤੇਰੇ ਨਾਲੋਂ ਵੱਧ ਚੁਸਤ ਆਂ। ਦੇਖਦੇ ਆਂ, ਤੂੰ ਆਪਣੇ ਹੱਥਾਂ ਨਾਲ ਸ਼ਿਕਾਰ ਫੜ ਸਕਦੀ ਐਂ?

ਪਾਲੋ : ਮੇਰੀ ਗੱਲ ਨਾ ਮੋੜ, ਚੰਨੋ। ਮੈਂ ਰੌਲੀ ਪਾ ਸਕਦੀ ਆਂ। ਰਾਤ ਨੂੰ ਲਾਲਟੈਣ ਬਾਲ ਸਕਦੀ ਆਂ। ਮੈਂ ਸਾਰੇ ਘਰ ਦਿਆਂ ਨੂੰ ਜਗਾ ਸਕਦੀ ਆਂ।

ਚੰਨੋ : ਤੂੰ ਘੜਿਆਲ ਖੜਕਾ ਦੇ, ਤੂੰ ਛੱਤੀ ਸੌ ਲਾਲਟੈਣਾਂ ਜਗਾ ਦੇ। ਜੋ ਹੋਣਾ ਹੈ, ਉਸ ਨੂੰ ਹੁਣ ਕੋਈ ਟਾਲ ਨਹੀਂ ਸਕਦਾ।

ਪਾਲੋ : ਏਨਾ ਪਿਆਰ ਕਰਦੀ ਏਂ ਤੂੰ ਉਹਨੂੰ?

ਚੰਨੋ : ਸਿਰਫ਼ ਏਨਾ? ਮੈਂ ਤਾਂ ਜਦੋਂ ਉਹਦੀਆਂ ਅੱਖਾਂ ਵਿਚ ਦੇਖਦੀ ਆਂ ਤਾਂ ਮੈਨੂੰ ਲੱਗਦਾ ਮੈਂ ਕਿਸੇ ਚੀਜ਼ ਦੇ ਘੁੱਟ ਭਰ ਰਹੀ ਆਂ, ਹਾਂ, ਉਹਦੀ ਰੱਤ ਦੇ ਘੁੱਟ।

ਪਾਲੋ : ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ।

ਚੰਨੋ : ਤੈਨੂੰ ਸੁਣਨੀ ਪਊਗੀ। ਮੈਂ ਤੇਰੇ ਕੋਲੋਂ ਡਰਦੀ ਸਾਂ, ਪਰ ਹੁਣ ਤੇਰੇ ਨਾਲੋਂ ਤਕੜੀ ਆਂ।

*(ਤਾਰੋ ਪ੍ਰਵੇਸ਼ ਕਰਦੀ ਹੈ)*

ਚੰਨੋ : ਤੂੰ ਹੁਣ ਚੁੱਪ ਰਹੀਂ।

ਪਾਲੋ : ਦੇਖੂੰਗੀ।

*(ਕਿਰਨ ਤੇ ਜੋਤੀ ਆਉਂਦੀਆਂ ਹਨ)*

ਕਿਰਨ : *(ਚੰਨੋ ਨੂੰ)* ਤੂੰ ਝਾਲਰਾਂ ਦੇਖੀਆਂ?

ਜੋਤੀ : ਤਾਰੋ ਦੀਆਂ ਵਿਆਹ ਦੀਆਂ ਚਾਦਰਾਂ ਬਹੁਤ ਸੁਹਣੀਆਂ।



WWW.SIKHBOOKCLUB.COM 

ਚੰਨੋ : *(ਕਿਰਨ ਨੂੰ, ਜਿਸ ਦੇ ਹੱਥਾਂ ਵਿਚ ਕੁਝ ਹੋਰ ਝਾਲਰਾਂ ਫੜੀਆਂ ਹੋਈਆਂ)* ਤੇ ਇਹ ?

ਕਿਰਨ : ਇਹ ਮੇਰੇ ਵਾਸਤੇ, ਕ਼ਮੀਜ਼ ਵਾਸਤੇ।

ਚੰਨੋ : *(ਚੀਕ ਕੇ)* ਇਸ ਘਰ ਵਿਚ ਸੱਚੀਂ ਕਿੰਨੇ ਹਾਸੋ ਹੀਣੇ ਬੰਦੇ ਰਹਿੰਦੇ ਨੇ।

ਕਿਰਨ : *(ਅਰਥ-ਭਰਪੂਰ ਢੰਗ ਨਾਲ)* ਪਰ ਇਹ ਸਿਰਫ਼ ਮੇਰੇ ਲਈ ਨੇ। ਮੈਂ ਇਹਨਾਂ ਦੀ ਕਿਸੇ ਅੱਗੇ ਨੁਮਾਇਸ਼ ਨਹੀਂ ਲਾਉਣੀ।

ਪਾਲੋ : ਆਪਾਂ ਨੂੰ ਕੀਹਨੇ ਕੱਲੀ ਕ਼ਮੀਜ਼ 'ਚ ਦੇਖਣਾ।

ਕਿਰਨ : ਨਾ ਦੇਖੇ, ਪਰ ਮੈਨੂੰ ਅੰਗੀਆਂ ਤੇ ਚੱਡੀਆਂ ਨਾਲ ਬਹੁਤ ਪਿਆਰ ਐ। ਜੇ ਮੈਂ ਅਮੀਰ ਹੁੰਦੀ, ਮੈਂ ਬੋਸਕੀ ਦੀਆਂ ਬਣਵਾਉਂਦੀ ਹਜ਼ਾਰਾਂ ਜੋੜੇ। ਬੱਸ ਹੁਣ ਮੇਰੇ ਥੋੜ੍ਹੇ ਜਿਹੇ ਇਹੋ ਜਿਹੇ ਹੀ ਚਾਅ ਬਚੇ ਆ।

ਪਾਲੋ : ਇਹ ਝਾਲਰਾਂ ਬੱਚਿਆਂ ਦੀਆਂ ਫ਼ਰਾਕਾਂ ਤੇ ਬਹੁਤ ਸਜਣ। ਮੈਂ ਤਾਂ ਕਦੀ ਆਪਣੇ ਬੱਚਿਆਂ ਲਈ ਏਨਾ ਕਰ ਨਾ ਸਕੀ। ਦੇਖੋ ਹੁਣ ਤਾਰੋ ਆਪਣੇ ਬੱਚਿਆਂ ਲਈ ਕਰਦੀ ਏ ਕਿ ਨਹੀਂ ? ਜਦੋਂ ਇਹਦੇ ਬੱਚੇ ਹੋਣੇ ਸ਼ੁਰੂ ਹੋ ਗਏ, ਉਨ੍ਹਾਂ ਨੇ ਇਹਨੂੰ ਦਿਨ ਰਾਤ ਭਜਾਈ ਫਿਰਿਆ ਕਰਨਾ।

ਦੀਪੋ : ਮੈਂ ਤਾਂ ਕਦੀ ਇਕ ਟਾਂਕਾ ਨਹੀਂ ਲਾਉਣਾ।

ਜੋਤੀ : ਬਗਾਨੇ ਬੱਚੇ ਪਾਲਣੇ ਤਾਂ ਹੋਰ ਵੀ ਔਖੇ। ਆਹ ਆਪਣੇ ਗੁਆਂਢੀ ਦੇਖੋ, ਸੜਕੋਂ ਪਾਰਲੇ, ਕਿੱਦਾਂ ਚਾਰ ਸ਼ਤੂੰਗੜਿਆਂ ਪਿਛੇ ਖੱਜਲ ਹੁੰਦੇ ਰਹਿੰਦੇ ਆ।

ਪਾਲੋ : ਤੁਹਾਡੇ ਨਾਲੋਂ ਸੁਖੀ ਨੇ। ਘੱਟ ਤੋਂ ਘੱਟ ਉਨ੍ਹਾਂ ਦੇ ਘਰੋਂ ਹੱਸਣ ਦੀਆਂ, ਇਕ ਦੂਜੇ ਨਾਲ ਖੇਡਣ ਮੱਲ੍ਹਣ ਦੀਆਂ ਆਵਾਜ਼ਾਂ ਤਾਂ ਆਉਂਦੀਆਂ ਨੇ।

ਕਿਰਨ : ਜਾ ਤੂੰ ਫਿਰ ਉਹਨਾਂ ਦੇ ਕੰਮ ਕਰ ਲੈ।

ਪਾਲੋ : ਨਹੀਂ ਮੇਰੀ ਕਿਸਮਤ ਵਿਚ ਤਾਂ ਇਹ ਭਿਕਸ਼ਣੀਆਂ ਦਾ ਆਸ਼ਰਮ ਹੀ ਲਿਖਿਆ ਹੋਇਆ।
*(ਦੂਰੋਂ ਢੋਲ ਦੀ ਆਵਾਜ਼ ਆਂਦੀ ਹੈ।)*

ਦੀਪੋ : ਆਦਮੀ ਵਾਢੀ ਕਰਨ ਜਾ ਰਹੇ ਨੇ।

ਕਿਰਨ : ਏਨੀ ਧੁੱਪ ਵਿਚ ?

ਚੰਨੋ : ਹਾਏ! ਕਾਸ਼ ਅਸੀਂ ਵੀ ਖੇਤਾਂ ਵਿਚ ਜਾ ਸਕਦੀਆਂ।

ਦੀਪੋ : *(ਬੈਠਦਿਆਂ)* ਹਰ ਕੋਈ ਓਹੀ ਕਰਦਾ, ਜੋ ਉਸਨੂੰ ਕਰਨਾ ਪੈਣਾ।

ਕਿਰਨ : *(ਬੈਠਦਿਆਂ)* ਹਾਂ, ਬਿਲਕੁਲ ਠੀਕ।

ਜੋਤੀ : *(ਬੈਠਦਿਆਂ)* ਹਾਏ।

ਪਾਲੋ : ਐਨੀਂ ਦਿਨੀਂ ਖੇਤਾਂ ਵਿਚ ਬਹੁਤ ਖੁਸ਼ੀ ਹੁੰਦੀ ਹੈ। ਕੱਲ੍ਹ ਸਵੇਰੇ ਮੈਂ ਆਵਤ ਤੇ ਜਾਂਦੇ ਮੁੰਡੇ ਦੇਖੇ। ਚਾਲੀ ਪੰਜਾਹ, ਸੁਹਣੇ ਸੁਨੱਖੇ ਜਵਾਨ।

ਦੀਪੋ : ਕਿਸੇ ਬਾਹਰਲੇ ਪਿੰਡ ਦੇ ਸੀ ?

ਪਾਲੋ : ਹਾਂ, ਬੜੇ ਹਸਮੁੱਖ ਤੇ ਕਾਠੋ, ਸ਼ਤੀਰਾਂ ਵਰਗੇ। ਹੱਸਦੇ ਖੇਡਦੇ ਗਾਉਂਦੇ ਜਾਂਦੇ। ਕੱਲ੍ਹ ਰਾਤੀਂ ਮੈਂ ਦੇਖੇ ਪੰਦਰਾਂ ਜਣੇ ਦੋ ਬਾਜ਼ੀਗਰਨੀਆਂ ਨਾਲ ਮਜ਼ਾਕ ਕਰਨ ਡਹੇ ਸੀ। ਫੇਰ ਉਹ ਉਨ੍ਹਾਂ ਨੂੰ ਉਸ ਪਾਸੇ ਝੁੰਡਾਂ ਵੱਲ ਨੂੰ ਲੈ ਗਏ। ਉਨ੍ਹਾਂ 'ਚ ਇਕ ਮੁੰਡਾ ਸੀ, ਸ਼ਰਬਤੀ ਅੱਖਾਂ ਵਾਲਾ, ਜੁੱਸਾ ਓਦ੍ਹਾ ਇਹੋ ਜਿਹਾ ਸੀ ਜਿਵੇਂ ਕੁਟ ਕੁਟ ਕੇ ਭਰੀ ਕਣਕ ਦੀ ਬੋਰੀ ਹੋਵੇ।

SIKHBOOKCLUB.COM

ਜੋਤੀ : ਸੱਚੀਂ ?

ਚੰਨੋ : ਤੈਨੂੰ ਪੱਕਾ ਪਤਾ ਬਾਜ਼ੀਗਰਨੀਆਂ ਵਾਲੀ ਗੱਲ ?

ਪਾਲੋ : ਇਹ ਤਾਂ ਹਰ ਸਾਲ ਹੀ ਹੁੰਦਾ।

ਚੰਨੋ : ਮਰਦਾਂ ਨੂੰ ਹਰ ਗੱਲ ਮਾਫ਼ ਐ।

ਜੋਤੀ : ਤੀਵੀਂ ਦੀ ਜੂਨ ਪੈਣਾ ਤਾਂ ਸਭ ਤੋਂ ਵੱਡੀ ਸਜ਼ਾ ਐ।

ਦੀਪੋ : ਸਾਡੀਆਂ ਤਾਂ ਅੱਖਾਂ ਵੀ ਸਾਡੀਆਂ ਨਹੀਂ ਕਿ ਅਸੀਂ ਜਿੱਧਰ ਚਾਹੀਏ ਦੇਖ ਸਕੀਏ।

*(ਦੂਰੋਂ ਗੀਤ ਦੀ ਆਵਾਜ਼ ਆਉਂਦੀ ਹੈ।)*

ਪਾਲੋ : ਇਹ ਓਨ੍ਹਾਂ ਦੀ ਆਵਾਜ਼ ਐ, ਬੜਾ ਸੁਹਣਾ ਗਾਉਂਦੇ ਨੇ।

ਜੋਤੀ : ਵਾਢੀ ਸ਼ੁਰੂ ਕਰਨ ਲੱਗੇ ਆ।

ਕੋਰਸ : ਬੱਲੀਏ ਕਣਕ ਦੀਏ



WWW.SIKHBOOKCLUB.COM 

ਤੈਨੂੰ ਖਾਣਗੇ ਨਸੀਬਾਂ ਵਾਲੇ
ਮਰ ਜਾਣ ਰੱਬ ਕਰਕੇ
ਜਿਹੜੇ ਸੁਹਣੀਆਂ ਰੰਨਾਂ ਦੇ ਰਖਵਾਲੇ
*(ਢੋਲ ਦੀ ਆਵਾਜ਼)*

ਜੋਤੀ : ਇਹ ਧੁੱਪ ਦੀ ਪਰਵਾਹ ਨਹੀਂ ਕਰਦੇ।

ਕਿਰਨ : ਇਹ ਤਾਂ ਅੱਗ ਦੀਆਂ ਲਾਟਾਂ ਵਿਚ ਵੀ ਵਾਢੀ ਕਰ ਲੈਂਦੇ ਆ।

ਚੰਨੋ : ਮੇਰਾ ਜੀ ਕਰਦਾ ਮੈਂ ਵੀ ਇਨ੍ਹਾਂ ਨਾਲ ਵਾਢੀ ਕਰਵਾਉਂਦੀ, ਜਦੋਂ ਜੀ ਕਰਦਾ ਘਰ ਮੁੜਦੀ। ਮੈਂ ਭੁੱਲ ਜਾਂਦੀ ਉਸ ਚੀਜ਼ ਨੂੰ ਜਿਹੜੀ ਮੈਨੂੰ ਖਾ ਰਹੀ ਐ।

ਕਿਰਨ : ਤੂੰ ਕੀ ਭੁੱਲਣਾ ਚਾਹੁੰਦੀ ਐਂ?

ਚੰਨੋ : ਸਾਰੇ ਕੁਝ ਭੁੱਲਣਾ ਚਾਹੁੰਦੇ ਨੇ।

ਕਿਰਨ : *(ਸ਼ਿੱਦਤ ਨਾਲ)* ਹਾਂ, ਸਾਰੇ।

ਪਾਲੋ : ਚੁਪ! ਚੁਪ

ਕੋਰਸ *(ਬਹੁਤ ਦੂਰੋਂ)* : ਭਾਵੇਂ ਮੰਗੀਆਂ, ਵਿਆਹੀਆਂ ਜਾਂ ਕੁਆਰੀਆਂ
ਨੀ ਕੁੜੀਓ ਪਿੰਡ ਦੀਓ
ਰਾਤੀਂ ਰੱਖਿਓ ਖੋਲ੍ਹ ਕੇ ਬਾਰੀਆਂ
ਨੀ ਕੁੜੀਓ ਪਿੰਡ ਦੀਓ
ਨੀ ਅੱਧੀ ਰਾਤੀਂ ਚੰਨ ਚਮਕੇ
ਤੇਰੇ ਗੋਰੇ ਗੋਰੇ ਮੁੱਖ ਦੇ ਦੁਆਲੇ
ਨੀ ਭੱਲੀਏ ਕਣਕ ਦੀਏ
ਤੈਨੂੰ ਖਾਣਗੇ ਨਸੀਬਾਂ ਵਾਲੇ

ਪਾਲੋ : ਕਿੰਨਾ ਸੁਹਣਾ ਗੀਤ ਐ!

ਕਿਰਨ : ਭਾਵੇਂ ਮੰਗੀਆਂ ਵਿਆਹੀਆਂ ਜਾਂ ਕੁਆਰੀਆਂ
ਨੀ ਕੁੜੀਓ ਪਿੰਡ ਦੀਓ
ਰਾਤੀਂ ਰੱਖਿਓ ਖੋਲ੍ਹ ਕੇ ਬਾਰੀਆਂ

ਚੰਨੋ : *(ਸ਼ਿੱਦਤ ਨਾਲ)* ਅੱਧੀ ਰਾਤੀਂ ਚੰਨ ਚਮਕੇ
ਤੇਰੇ ਗੋਰੇ ਗੋਰੇ ਮੁਖੜੇ ਦੁਆਲੇ



WWW.SIKHBOOKCLUB.COM 

*(ਗੀਤ ਹੋਰ ਦੂਰ ਹੋ ਜਾਂਦਾ ਹੈ।)*

ਪਾਲੋ : ਉਹ ਹੁਣ ਹੋਰ ਦੂਰ ਚਲੇ ਗਏ।

ਚੰਨੋ : ਆਓ ਆਪਾਂ ਉਨ੍ਹਾਂ ਨੂੰ ਮੇਰੇ ਕਮਰੇ ਦੀ ਬਾਰੀ ਥਾਣੀਂ ਦੇਖੀਏ।

ਪਾਲੋ : ਪੂਰੀ ਬਾਰੀ ਨਾ ਖੋਲ੍ਹਿਓ। ਉਹ ਕਿਤੇ ਦੇਖ ਨਾ ਲੈਣ ਕਿ ਸਾਨੂੰ ਕੋਈ ਦੇਖਦਾ।

*(ਤਿੰਨੇ ਜਾਂਦੀਆਂ ਹਨ। ਤਾਰੋ ਪੀੜ੍ਹੀ ਉਤੇ ਬੈਠੀ ਰਹਿੰਦੀ ਐ, ਹੱਥਾਂ ਵਿਚ ਸਿਰ ਲੈ ਕੇ)*

ਜੋਤੀ : *(ਉਹਦੇ ਕੋਲ ਹੁੰਦੀ ਹੋਈ)* ਤੈਨੂੰ ਕੀ ਗੱਲ ਐ ?

ਕਿਰਨ : ਮੇਰਾ ਤਾਂ ਗਰਮੀ ਬੁਰਾ ਹਾਲ ਕਰ ਦਿੰਦੀ ਐ।

ਜੋਤੀ : ਬੱਸ ਏਹੀ ਗੱਲ ਐ, ਹੋਰ ਤਾਂ ਨਹੀਂ ਕੋਈ ?

ਕਿਰਨ : ਮੇਰਾ ਜੀ ਕਰਦਾ, ਸਿਆਲ ਹੋਵੇ, ਭਾਵੇਂ ਮੀਂਹ ਪੈਂਦਾ ਹੋਵੇ, ਭਾਵੇਂ ਧੁੰਦ ਹੋਵੇ-ਇਨ੍ਹਾਂ ਲੰਮੀਆਂ ਗਰਮੀਆਂ ਨਾਲੋਂ ਤਾਂ ਮੈਨੂੰ ਹੋਰ ਹਰੇਕ ਰੁੱਤ ਪਸੰਦ ਐ।

ਜੋਤੀ : ਗਰਮੀਆਂ ਬੀਤ ਜਾਣੀਆਂ, ਫੇਰ ਆ ਜਾਣੀਆਂ।

ਕਿਰਨ : ਹਾਂ, ਇਹ ਤਾਂ ਕੁਦਰਤੀ ਐ,

*(ਵਕਫ਼ਾ)* ਤੂੰ ਰਾਤ ਕਦੋਂ ਕੁ ਸੁੱਤੀ ਸੀ ?

ਜੋਤੀ : ਕੋਈ ਪਤਾ ਨਹੀਂ, ਮੈਨੂੰ ਤਾਂ ਨੀਂਦ ਘਟਾ ਬੰਨ੍ਹ ਕੇ ਆਉਂਦੀ ਐ। ਕਿਉਂ ਕੀ ਗੱਲ ਐ ?

ਕਿਰਨ : ਕੋਈ ਗੱਲ ਨਹੀਂ। ਬੱਸ ਮੈਨੂੰ ਰਾਤੀਂ ਵਾੜੇ 'ਚੋਂ ਕਿਸੇ ਦੀ ਬਿੜਕ ਆਉਂਦੀ ਸੀ।

ਜੋਤੀ : ਅੱਛਾ ?

ਕਿਰਨ : ਅੱਧੀ ਰਾਤ ਤੋਂ ਵੀ ਉਤੇ ਦਾ ਵਕਤ ਸੀ।

ਜੋਤੀ : ਤੈਨੂੰ ਡਰ ਨਹੀਂ ਲੱਗਾ ?

ਕਿਰਨ : ਨਹੀਂ, ਮੈਂ ਤਾਂ ਪਹਿਲੋਂ ਵੀ ਕਈ ਵਾਰ ਇਹੋ ਜਿਹੀ ਬਿੜਕ ਸੁਣੀ ਐ।

ਜੋਤੀ : ਸਾਨੂੰ ਧਿਆਨ ਰੱਖਣਾ ਚਾਹੀਦਾ। ਪਰ ਹੋ ਸਕਦਾ ਝਵਾਗੀ ਹੋਵੇ।

ਕਿਰਨ : ਨਹੀਂ ਵਾਗੀ ਤਾਂ ਬਹੁਤ ਜਲਦੀ ਆ ਜਾਂਦੇ ਆ।



WWW.SIKHBOOKCLUB.COM 

ਜੋਤੀ : ਹੋ ਸਕਦਾ ਕੋਈ ਅਲਕ ਵਛੇਰੀ ਹੋਵੇ।

ਕਿਰਨ : *(ਆਪਣੇ ਆਪ ਨਾਲ, ਦੋਹਰੇ ਅਰਥਾਂ ਵਿਚ)* ਹਾਂ, ਇਹ ਠੀਕ ਹੈ, ਅਲ੍ਹਕ ਵਛੇਰੀ।

ਜੋਤੀ : ਆਪਾਂ ਜਾਗ ਕੇ ਦੇਖੀਏ ਅੱਜ ਰਾਤ।

ਕਿਰਨ : ਨਹੀਂ, ਨਹੀਂ, ਇਹੋ ਜਿਹਾ ਕੁਝ ਨਹੀਂ ਕਰਨਾ। ਹੋ ਸਕਦਾ ਮੈਨੂੰ ਐਵੇਂ ਭੁਲੇਖਾ ਪਿਆ ਹੋਵੇ।

ਜੋਤੀ : ਹੋ ਸਕਦਾ।

*(ਵਕਫ਼ਾ। ਜੋਤੀ ਜਾਣ ਲਗਦੀ ਹੈ।)*

ਕਿਰਨ : ਜੋਤੀ!

ਜੋਤੀ : *(ਬੂਹੇ ਕੋਲ)* ਹਾਂ, ਕੀ ਗੱਲ?

*(ਵਕਫ਼ਾ)*

ਕਿਰਨ : ਕੁਝ ਨਹੀਂ।

*(ਵਕਫ਼ਾ)*

ਜੋਤੀ : ਪਰ ਤੂੰ ਮੈਨੂੰ ਬੁਲਾਇਆ ਸੀ।

*(ਵਕਫ਼ਾ)*

ਕਿਰਨ : ਬੱਸ ਐਵੇਂ ਮੇਰੇ ਮੂੰਹੋਂ ਤੇਰਾ ਨਾਂ ਨਿਕਲ ਗਿਆ।

*(ਵਕਫ਼ਾ)*

ਜੋਤੀ : ਕੁਝ ਦੇਰ ਲੇਟ ਕੇ ਆਰਾਮ ਕਰ ਲੈ।

ਤਾਰੋ : *(ਉਹ ਗੁੱਸੇ ਨਾਲ ਗਰਜਦੀ ਹੈ, ਇਸ ਅੰਦਾਜ਼ ਨਾਲ ਜੋ ਪਹਿਲੀ ਚੁਪ ਨਾਲ ਪੂਰੀ ਤਰ੍ਹਾਂ ਟਕਰਾਅ ਪੈਦਾ ਕਰਦਾ ਹੈ।)*. ਕਿੱਥੇ ਐ ਦਿਲਬਾਗ ਦੀ ਫੋਟੋ, ਜਿਹੜੀ ਮੇਰੇ ਸਰ੍ਹਾਣੇ ਪਈ ਸੀ? ਤੁਹਾਡੇ ਵਿੱਚੋਂ ਕੀਹਨੇ ਚੁੱਕੀ ਐ?

ਕਿਰਨ : ਕਿਸੇ ਨੇ ਨਹੀਂ ਚੁੱਕੀ।

ਜੋਤੀ : ਤੇਰਾ ਖ਼ਿਆਲ ਹੈ ਦਿਲਬਾਗ ਕੋਈ ਯੂਸਫ਼ ਐ?

ਤਾਰੋ : ਕਿਥੇ ਐ ਤਸਵੀਰ?

*(ਪਾਲੋ, ਦੀਪੋ ਤੇ ਚੰਨੋ ਆਉਂਦੀਆਂ ਹਨ)*

ਚੰਨੋ : ਕਿਹੜੀ ਤਸਵੀਰ?

ਤਾਰੋ : ਤੁਹਾਡੇ ਵਿੱਚੋਂ ਕਿਸੇ ਨੇ ਚੁੱਕ ਕੇ ਲੁਕੋਈ ਐ।



WWW.SIKHBOOKCLUB.COM 

ਦੀਪੋ : ਤੈਨੂੰ ਇਹ ਇਲਜ਼ਾਮ ਲਾਉਂਦਿਆਂ ਸ਼ੰਗ ਨੀਂ ਆਉਂਦੀ ?

ਤਾਰੋ : ਮੈਂ ਆਪਣੇ ਕਮਰੇ ਵਿਚ ਰੱਖੀ ਸੀ ਤੇ ਹੁਣ ਉਹ ਓਥੇ ਹੈ ਨਹੀਂ।

ਕਿਰਨ : ਹੋ ਸਕਦਾ ਹੈ ਉਹ ਤਸਵੀਰ ਛਾਲ ਮਾਰ ਕੇ ਵਾੜੇ ਵਿਚ ਚਲੀ ਗਈ ਹੋਵੇ। ਦਿਲਬਾਗ ਨੂੰ ਚਾਨਣੀਆਂ ਰਾਤਾਂ ਵਿਚ ਘੁੰਮਣ ਦਾ ਸ਼ੌਕ ਐ।

ਤਾਰੋ : ਮੇਰੇ ਨਾਲ ਮਜ਼ਾਕ ਨਾ ਕਰ। ਮੈਂ ਦਿਲਬਾਗ ਨੂੰ ਦੱਸ ਦਿਆਂਗੀ ਤੂੰ ਕੀ ਕਿਹਾ।

ਪਾਲੋ : ਨਾ, ਇਉਂ ਨਾ ਕਰੀਂ। ਐਵੇਂ ਗੱਲ ਵਧ ਜਾਊ।
*(ਚੰਨੋ ਵੱਲ ਦੇਖਦਿਆਂ)*

ਤਾਰੋ : ਮੈਨੂੰ ਦੱਸੋ, ਤੁਹਾਡੇ ਵਿਚੋਂ ਕੀਹਦੇ ਕੋਲ ਐ ?

ਚੰਨੋ : *(ਤਾਰੋ ਵੱਲ ਦੇਖਦਿਆਂ)* ਕਿਸੇ ਕੋਲ ਹੈ ਜ਼ਰੂਰ, ਪਰ ਮੇਰੇ ਕੋਲ ਨਹੀਂ।

ਕਿਰਨ : *(ਬੜੇ ਅਰਥ-ਪੂਰਵਕ ਢੰਗ ਨਾਲ)* ਹਾਂ, ਤੇਰੇ ਕੋਲ ਕਿਵੇਂ ਹੋ ਸਕਦੀ ਹੈ!

ਹੁਕਮੀ : *(ਸੋਟੀ ਚੁੱਕੀ ਆਉਂਦੀ ਹੈ)* ਇਹ ਕੀ ਹੋ ਰਿਹਾ ਮੇਰੇ ਘਰ, ਗਰਮੀਆਂ ਦੀ ਟਿਕੀ ਦੁਪਹਿਰੇ ? ਗੁਆਂਢੀ ਕੰਧਾਂ ਨਾਲ ਕੰਨ ਜੋੜ ਕੇ ਸੁਣ ਰਹੇ ਹੋਣਗੇ।

ਤਾਰੋ : ਇਨ੍ਹਾਂ ਨੇ ਦਿਲਬਾਗ ਦੀ ਤਸਵੀਰ ਚੁਰਾ ਲਈ ਏ।

ਹੁਕਮੀ : *(ਕ੍ਰੋਧ ਨਾਲ)* ਕਿਹਨੇ ?

ਤਾਰੋ : ਇਨ੍ਹਾਂ ਨੇ।

ਹੁਕਮੀ : ਤੁਹਾਡੇ ਵਿਚੋਂ ਕਿਸ ਨੇ ?
*(ਖ਼ਾਮੋਸ਼ੀ)*
ਜਵਾਬ ਦਿਓ।
*(ਖ਼ਾਮੋਸ਼ੀ, ਪਾਲੋ ਨੂੰ)*
ਇਨ੍ਹਾਂ ਦੇ ਕਮਰਿਆਂ ਵਿਚ ਦੇਖ, ਬਿਸਤਰਿਆਂ ਵਿਚ ਦੇਖ। ਇਹ ਸਭ ਮੇਰੀ ਨਰਮਾਈ ਦਾ ਨਤੀਜਾ। ਮੈਂ ਤੁਹਾਨੂੰ ਸੰਗਲੀਆਂ ਨਾਲ ਬੰਨ੍ਹਿਆ ਨਹੀਂ ਨਾ! ਪਰ ਹੁਣ ਮੈਂ ਤੁਹਾਨੂੰ



WWW.SIKHBOOKCLUB.COM 

| | | |
|---|---|---|
| | | ਸਬਕ ਸਿਖਾਵਾਂਗੀ। |
| | | *(ਤਾਰੋ ਨੂੰ)* |
| | | ਤੈਨੂੰ ਪੱਕਾ ਪਤਾ ਨਾ, ਇਨ੍ਹਾਂ ਨੇ ਚੁਰਾਈ ਏ? |
| ਤਾਰੋ | : | ਹਾਂ ਅੰਮਾ |
| ਹੁਕਮੀ | : | ਤੂੰ ਸਭ ਥਾਂ ਦੇਖ ਲਿਆ ਨਾ? |
| ਤਾਰੋ | : | ਹਾਂ ਅੰਮਾ ਜੀ |
| | | *(ਉਹ ਸਾਰੀਆਂ ਘਬਰਾਈਆਂ ਹੋਈਆ ਚੁੱਪ ਖੜੀਆਂ ਹਨ।)* |
| ਹੁਕਮੀ | : | ਹੁਣ ਆਖ਼ਰੀ ਉਮਰੇ-ਇਕ ਮਾਂ ਨੂੰ ਇਸ ਤੋਂ ਵੱਧ ਕੌੜੀ ਜ਼ਹਿਰ ਇਹ ਕਿਹੜੀ ਪਿਲਾ ਸਕਦੀਆਂ ਨੇ। |
| | | *(ਪਾਲੋ ਨੂੰ)* |
| | | ਲੱਭੀ ? |
| ਪਾਲੋ | : | ਹਾਂ, ਇਹ ਐ |
| ਹੁਕਮੀ | : | ਕਿੱਥੋਂ ਲੱਭੀ? |
| ਪਾਲੋ | : | ਇਹ....... |
| ਹੁਕਮੀ | : | ਦੱਸ, ਤੂੰ ਡਰ ਨਾ |
| ਪਾਲੋ | : | *(ਹੈਰਾਨੀ ਨਾਲ)* ਕਿਰਨ ਦੇ ਬਿਸਤਰੇ 'ਚੋਂ। |
| ਹੁਕਮੀ | : | *(ਕਿਰਨ)* ਕੀ ਇਹ ਸੱਚ ਐ, ਕਿਰਨ? |
| ਕਿਰਨ | : | ਹਾਂ, ਇਹ ਸੱਚ ਐ |
| ਹੁਕਮੀ | : | *(ਉਸ ਵਲ ਵੱਧਦੀ, ਉਸ ਨੂੰ ਜ਼ੋਰ ਨਾਲ ਕੁੱਟਦੀ ਹੋਈ)* ਤੇਰਾ ਹਸ਼ਰ ਮੈਂ ਬੁਰਾ ਕਰਾਂਗੀ, ਮੀਸਣੀਏ, ਕਰਤੂਤਣੇ। |
| ਕਿਰਨ | : | *(ਗੁੱਸੇ ਨਾਲ)* ਮੈਨੂੰ ਨਾ ਮਾਰ ਅੰਮਾ। |
| ਹੁਕਮੀ | : | ਏਹੀ ਤਾਂ ਮੈਂ ਕਰਨਾ, ਕੁਲੱਛਣੀਏ। |
| ਕਿਰਨ | : | ਪਰ ਜੇ ਮੈਂ ਕਰਨ ਦੇਊਂ ਤਾਂ। ਮੇਰੀ ਗੱਲ ਸੁਣੋ। ਪਿਛੇ ਹਟ ਜਾਓ। |
| ਤਾਰੋ | : | *(ਹੁਕਮੀ ਨੂੰ ਫੜਦੀ ਹੋਈ)* ਅੰਮਾ ਰਹਿਣ ਦਿਉ। ਇਹਨੂੰ ਕੁਝ ਨਾ ਕਹੋ। |
| ਹੁਕਮੀ | : | ਤੇਰੀ ਅੱਖ ਵਿਚ ਇਕ ਹੰਝੂ ਵੀ ਨਹੀਂ। |
| ਕਿਰਨ | : | ਤੁਹਾਨੂੰ ਖੁਸ਼ ਕਰਨ ਲਈ ਮੈਨੂੰ ਰੋਣ ਦੀ ਜ਼ਰੂਰਤ ਨਹੀਂ। |



WWW.SIKHBOOKCLUB.COM 

| | | |
|---|---|---|
| ਹੁਕਮੀ | : | ਤੂੰ ਤਸਵੀਰ ਕਿਉਂ ਲਈ? |
| ਕਿਰਨ | : | ਮੈਂ ਆਪਣੀ ਭੈਣ ਨਾਲ ਮਜ਼ਾਕ ਵੀ ਨਹੀਂ ਕਰ ਸਕਦੀ? ਹੋਰ ਭਲਾ ਮੈਂ ਉਹ ਤਸਵੀਰ ਕੀ ਕਰਨੀ ਸੀ। |
| ਚੰਨੋ | : | *(ਈਰਖਾ ਨਾਲ ਭਰੀ ਹੋਈ)* ਇਹ ਮਜ਼ਾਕ ਨਹੀਂ ਸੀ। ਤੂੰ ਪਹਿਲਾਂ ਤਾਂ ਕਦੀ ਮਜ਼ਾਕ ਕੀਤਾ ਨਹੀਂ। ਇਹ ਕੁਝ ਹੋਰ ਸੀ ਤੇਰੀ ਛਾਤੀ ਵਿਚ ਬਲ ਰਿਹਾ, ਬਾਹਰ ਆਉਣ ਦੀ ਕੋਸ਼ਿਸ਼ ਕਰ ਰਿਹਾ। ਤੂੰ ਸਾਫ਼ ਸਾਫ਼ ਮੰਨ ਲੈ। |
| ਕਿਰਨ | : | ਚੁਪ ਕਰ ਤੇ ਮੈਨੂੰ ਵੀ ਬੋਲਣ ਲਈ ਮਜਬੂਰ ਨਾ ਕਰ। ਜੇ ਮੈਂ ਬੋਲ ਪਈ ਤਾਂ ਇਸ ਘਰ ਦੀਆਂ ਕੰਧਾਂ ਸ਼ਰਮਿੰਦੀਆਂ ਹੋ ਕੇ ਇਕ ਦੂਜੀ ਨਾਲ ਲੜ ਪੈਣਗੀਆਂ। |
| ਚੰਨੋ | : | ਕਾਲੀਆਂ ਜੀਭਾਂ ਝੂਠੀਆਂ ਕਹਾਣੀਆਂ ਬਣਾਉਣ ਵਿਚ ਮਾਹਿਰ ਹੁੰਦੀਆਂ ਨੇ। |
| ਹੁਕਮੀ | : | ਚੰਨੋ। |
| ਦੀਪੋ | : | ਤੂੰ ਪਾਗਲ ਹੋ ਗਈ ਏਂ। |
| ਜੋਤੀ | : | ਤੂੰ ਆਪਣੇ ਸ਼ੱਕ ਦੇ ਪੱਥਰ ਸਾਨੂੰ ਸਭ ਨੂੰ ਮਾਰ ਰਹੀ ਏਂ। |
| ਕਿਰਨ | : | ਪਰ ਕੁਝ ਹੋਰ ਨੇ ਜੋ ਇਸ ਨਾਲੋਂ ਵੀ ਬੁਰੇ ਕੰਮ ਕਰ ਰਹੇ ਨੇ। |
| ਚੰਨੋ | : | ਜਦ ਤਕ ਉਹ ਸਾਰੇ ਅਲਫ਼ ਨੰਗੇ ਨਹੀਂ ਹੋ ਜਾਂਦੇ ਜਾਂ ਦਰਿਆ ਉਨ੍ਹਾਂ ਨੂੰ ਰੋੜ੍ਹ ਕੇ ਨਹੀਂ ਲੈ ਜਾਂਦਾ, ਇਹਨੂੰ ਚੈਨ ਨਹੀਂ ਆਉਣਾ। |
| ਹੁਕਮੀ | : | ਖ਼ਾਰ ਤੇ ਸਾੜਾ |
| ਤਾਰੋ | : | ਮੇਰਾ ਇਸ ਵਿਚ ਕੋਈ ਕਸੂਰ ਨਹੀਂ ਜੇ ਦਿਲਬਾਗ ਨੇ ਮੈਨੂੰ ਪਸੰਦ ਕੀਤਾ। |
| ਚੰਨੋ | : | ਤੇਰੀ ਦੌਲਤ ਕਰਕੇ |
| ਤਾਰੋ | : | ਅੰਮਾ! |
| ਹੁਕਮੀ | : | ਚੁੱਪ। |
| ਕਿਰਨ | : | ਤੇਰੇ ਬਾਗ਼ਾਂ ਤੇ ਖੇਤਾਂ ਕਰਕੇ |
| ਦੀਪੋ | : | ਠੀਕ ਹੀ ਤਾਂ ਕਹਿੰਦੀ ਐ। |
| ਹੁਕਮੀ | : | ਚੁਪ ਕਰੋ, ! ਮੈਂ ਗਹਿਰ ਚੜ੍ਹਦੀ ਤਾਂ ਦੇਖੀ ਸੀ, ਪਰ ਮੈਨੂੰ |



WWW.SIKHBOOKCLUB.COM 

ਪਤਾ ਨਹੀਂ ਸੀ ਝੱਖੜ ਏਨੀ ਜਲਦੀ ਝੁੱਲ ਪਵੇਗਾ। ਉਫ਼!
ਕਿਹੋ ਜਿਹਾ ਨਫ਼ਰਤ ਤੇ ਦੁੱਖ ਦਾ ਪਹਾੜ ਮੇਰੇ ਦਿਲ ਤੇ ਰੱਖ ਦਿੱਤਾ। ਪਰ ਮੈਂ ਅਜੇ ਬੁੱਢੀ ਨਹੀਂ ਹੋਈ-ਮੇਰੇ ਕੋਲ ਪੰਜ ਸੰਗਲ ਨੇ ਤੁਹਾਡੇ ਵਾਸਤੇ। ਇਹ ਘਰ ਮੇਰੇ ਬਾਪ ਨੇ ਬਣਾਇਆ ਸੀ। ਇਸ ਲਈ ਏਥੇ ਦਾ ਘਾਹ ਫੂਸ ਵੀ ਮੇਰੀ ਬਰਬਾਦੀ ਨਹੀਂ ਦੇਖ ਸਕਦਾ। ਦਫ਼ਾ ਹੋ ਜਾਓ।

*(ਉਹ ਸਭ ਜਾਂਦੀਆਂ ਹਨ। ਹੁਕਮੀ ਮਾਯੂਸ ਹੋ ਕੇ ਬੈਠ ਜਾਂਦੀ ਹੈ। ਪਾਲੋ ਕੰਧ ਦੇ ਕੋਲ ਖੜੀ ਹੈ। ਹੁਕਮੀ ਆਪਣੇ ਆਪ ਨੂੰ ਸੰਭਾਲਦੀ ਹੈ ਤੇ ਫਰਸ਼ 'ਤੇ ਸੋਟੀ ਠਕੋਰਦੀ ਹੈ।)*

ਮੈਨੂੰ ਦਿਖਾਉਣਾ ਈ ਪੈਣਾ ਇਨ੍ਹਾਂ ਨੂੰ ਕਿ ਮੈਂ ਕਿਸ ਮਿੱਟੀ ਦੀ ਬਣੀ ਹੋਈ ਆਂ।

ਆਪਣਾ ਫ਼ਰਜ਼ ਨਾ ਭੁੱਲ, ਹੁਕਮੀਏ।

ਪਾਲੋ : ਮੈਂ ਕੁਛ ਕਹਾਂ, ਬੀਬੀ ਜੀ?

ਹੁਕਮੀ : ਹਾਂ ਕਹਿ, ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਤੂੰ ਸਾਰਾ ਕੁਝ ਸੁਣਿਆ। ਬੇਗਾਨਾ ਬੰਦਾ ਕਿਸੇ ਪਰਵਾਰ ਵਿਚ ਸਾਰੀ ਉਮਰ ਰਹਿ ਕੇ ਓਪਰਾ ਮਹਿਸੂਸ ਕਰਦਾ ਰਹਿੰਦਾ।

ਪਾਲੋ : ਪਰ ਜੋ ਮੈਂ ਦੇਖਿਆ, ਉਹ ਤਾਂ ਦੇਖਿਆ ਹੀ ਹੈ।

ਹੁਕਮੀ : ਤਾਰੋ ਦਾ ਵਿਆਹ ਬਹੁਤ ਜਲਦੀ ਕਰ ਦੇਣਾ ਚਾਹੀਦਾ।

ਪਾਲੋ : ਬਿਲਕੁਲ, ਸਾਨੂੰ ਜਲਦੀ ਹੀ ਇਹਨੂੰ ਏਥੋਂ ਤੋਰਨਾ ਚਾਹੀਦਾ ਹੈ।

ਹੁਕਮੀ : ਇਹਨੂੰ ਨਹੀਂ, ਦਿਲਬਾਗ ਨੂੰ ਵੀ।

ਪਾਲੋ : ਹਾਂ, ਦੋਵੇਂ ਕੱਠੇ ਹੀ ਜਾਣਗੇ। ਤੁਸੀਂ ਸਾਰਾ ਕੁਝ ਸੋਚ ਲਿਆ?

ਹੁਕਮੀ : ਮੈਂ ਸੋਚਦੀ ਨਹੀਂ। ਕੁਝ ਗੱਲਾਂ ਹੁੰਦੀਆਂ ਜਿਨ੍ਹਾਂ ਬਾਰੇ ਸੋਚਿਆ ਨਹੀਂ ਜਾਣਾ ਚਾਹੀਦਾ ਤੇ ਸੋਚਿਆ ਜਾ ਵੀ ਨਹੀਂ ਸਕਦਾ। ਮੈਂ ਸਿਰਫ਼ ਹੁਕਮ ਦੇਂਦੀ ਹਾਂ।

ਪਾਲੋ : ਤੁਹਾਡਾ ਕੀ ਖ਼ਿਆਲ ਉਹ ਏਥੋਂ ਜਾਣ ਨੂੰ ਰਾਜ਼ੀ ਹੋਵੇਗਾ? ਹੋ ਸਕਦਾ, ਉਹ ਘਰ-ਜਵਾਈ ਬਣਨ ਦੀ ਸੋਚਦਾ ਹੋਵੇ।

ਹੁਕਮੀ : ਤੂੰ ਕੀ ਸੋਚ ਰਹੀ ਏਂ?



WWW.SIKHBOOKCLUB.COM 

ਪਾਲੋ : ਬੱਸ ਏਹੀ ਕਿ ਉਹ ਤਾਰੋ ਨਾਲ ਵਿਆਹ ਕਰਵਾਵੇਗਾ।

ਹੁਕਮੀ : ਅੱਗੇ ਬੋਲ। ਮੈਂ ਤੈਨੂੰ ਏਨਾ ਘੱਟ ਨਹੀਂ ਜਾਣਦੀ ਕਿ ਮੈਨੂੰ ਇਹ ਪਤਾ ਨਾ ਲੱਗੇ ਕਿ ਹੁਣ ਤੇਰੀ ਜ਼ੁਬਾਨ ਦਾ ਚਾਕੂ ਮੇਰੀ ਹਿੱਕ ਵਿਚ ਖੁੱਭਣ ਲਈ ਤਿਆਰ ਹੈ।

ਪਾਲੋ : ਮੈਨੂੰ ਨਹੀਂ ਸੀ ਪਤਾ ਕਿ ਚੇਤਾਵਨੀ ਨੂੰ ਵੀ ਕਤਲ ਕਿਹਾ ਜਾ ਸਕਦਾ।

ਹੁਕਮੀ : ਤੂੰ ਮੈਨੂੰ ਕੋਈ ਚੇਤਾਵਨੀ ਦੇਣੀ ਐ?

ਪਾਲੋ : ਮੈਂ ਕੋਈ ਇਲਜ਼ਾਮ ਨਹੀਂ ਲਾ ਰਹੀ, ਹੁਕਮੀ, ਮੈਂ ਸਿਰਫ਼ ਤੈਨੂੰ ਅੱਖਾਂ ਖੋਲ੍ਹਣ ਲਈ ਕਹਿ ਰਹੀ ਹਾਂ, ਫਿਰ ਤੈਨੂੰ ਸਭ ਕੁਝ ਆਪੇ ਦਿਸ ਪਵੇਗਾ।

ਹੁਕਮੀ : ਕੀ ਦਿਸ ਪਵੇਗਾ?

ਪਾਲੋ : ਹੁਕਮੀ, ਤੂੰ ਹਮੇਸ਼ਾ ਬਹੁਤ ਹੁਸ਼ਿਆਰ ਰਹੀ ਹੈਂ। ਤੈਨੂੰ ਦੂਜਿਆਂ ਦੇ ਗੁਨਾਹ ਸੌ ਕੋਹਾਂ ਤੋਂ ਦਿਸ ਪੈਂਦੇ ਸੀ। ਮੈਨੂੰ ਕਈ ਵਾਰ ਲਗਦਾ ਸੀ ਤੈਨੂੰ ਲੋਕਾਂ ਦੇ ਮਨ ਪੜ੍ਹਣ ਦੀ ਜਾਚ ਹੈ। ਪਰ ਤੇਰੇ ਬੱਚੇ ਤੇਰੇ ਬੱਚੇ ਨੇ। ਉਨ੍ਹਾਂ ਵਾਰੀ ਤੂੰ ਅੰਨ੍ਹੀ ਹੋ ਗਈ ਏਂ।

SIKHBOOKCLUB.COM

ਹੁਕਮੀ : ਤੂੰ ਕਿਰਨ ਦੀ ਗੱਲ ਕਰ ਰਹੀ ਏਂ?

ਪਾਲੋ : ਹਾਂ, ਕਿਰਨ ਦੀ *(ਜਿਗਿਆਸਾ ਨਾਲ)* ਮੈਂ ਹੈਰਾਨ ਹਾਂ, ਉਹਨੇ ਤਸਵੀਰ ਕਿਉਂ ਲੁਕਾਈ?

ਹੁਕਮੀ : *(ਆਪਣੀ ਧੀ ਨੂੰ ਬਚਾਉਂਦੀ ਹੈ)* ਉਹਨੇ ਕਿਹਾ ਤਾਂ ਸੀ ਮੈਂ ਮਜ਼ਾਕ ਕੀਤਾ ਸੀ। ਹੋਰ ਕੀ ਹੋ ਸਕਦਾ ਹੈ ਇਹ?

ਪਾਲੋ : ਤੇ ਤੂੰ ਇਸ ਗੱਲ 'ਤੇ ਯਕੀਨ ਕਰ ਲਿਆ?

ਹੁਕਮੀ : *(ਪਕਿਆਈ ਨਾਲ)* ਮੈਂ ਐਵੇਂ ਨਹੀਂ ਯਕੀਨ ਕਰ ਲਿਆ, ਅਸਲੀ ਗੱਲ ਵੀ ਏਹੀ ਸੀ।

ਪਾਲੋ : ਹਾਂ ਅਸਲੀ ਗੱਲ ਏਹੀ ਸੀ ਕਿਉਂਕਿ ਅਸੀਂ ਤੇਰੇ ਪਰਵਾਰ ਬਾਰੇ ਗੱਲ ਕਰ ਰਹੇ ਹਾਂ। ਪਰ ਜੇ ਅਸੀਂ ਗੁਆਂਢੀਆਂ ਬਾਰੇ ਗੱਲ ਕਰ ਰਹੇ ਹੁੰਦੇ, ਫੇਰ ਕੀ ਹੁੰਦਾ ਇਹ?

ਹੁਕਮੀ : ਹੁਣ ਤੂੰ ਫੇਰ ਮੈਨੂੰ ਚਾਕੂ ਦੀ ਨੋਕ ਦਿਖਾ ਰਹੀ ਏਂ।

ਪਾਲੋ : *(ਬੇਰਹਿਮੀ ਨਾਲ)* ਨਹੀਂ, ਹੁਕਮੀ। ਕੁਝ ਬਹੁਤ ਸੰਗੀਨ ਵਾਪਰ

ਰਿਹਾ ਹੈ ਏਥੇ। ਮੈਂ ਤੇਰੇ ਮੱਥੇ 'ਤੇ ਇਲਜ਼ਾਮ ਨਹੀਂ ਧਰਨਾ ਚਾਹੁੰਦੀ, ਪਰ ਤੂੰ ਆਪਣੀਆਂ ਧੀਆਂ ਨੂੰ ਕਦੇ ਆਜ਼ਾਦੀ ਨਹੀਂ ਦਿੱਤੀ। ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਤੂੰ ਕੀ ਕਹੇਂਗੀ, ਪਰ ਕਿਰਨ ਪਿਆਰ ਲਈ ਤਰਸੀ ਹੋਈ ਐ। ਤੂੰ ਉਹਨੂੰ ਜਸਬੀਰ ਨਾਲ ਵਿਆਹ ਕਿਉਂ ਨਹੀਂ ਕਰਵਾਉਣ ਦਿੱਤਾ? ਜਦੋਂ ਉਹ ਉਹਨੂੰ ਪਹਿਲੇ ਦਿਨ ਮਿਲਣ ਆ ਰਿਹਾ ਸੀ, ਤੂੰ ਉਹਨੂੰ ਸੁਨੇਹਾ ਘੱਲ ਦਿੱਤਾ ਕਿ ਉਹ ਨਾ ਆਵੇ।

ਹੁਕਮੀ : *(ਉੱਚੀ ਆਵਾਜ਼ ਵਿਚ)* ਮੈਂ ਹਜ਼ਾਰ ਵਾਰ ਇਉਂ ਹੀ ਕਰਾਂਗੀ। ਸਾਡਾ ਖ਼ੂਨ ਆਮ ਲੋਕਾਂ ਦੇ ਖ਼ੂਨ ਵਿਚ ਨਹੀਂ ਰਲ਼ ਸਕਦਾ, ਜਦ ਤੱਕ ਮੈਂ ਜਿਉਂਦੀ ਆਂ। ਤੈਨੂੰ ਪਤਾ, ਅਮਰੀਕ ਦਾ ਪਿਉ ਇਕ ਆਜੜੀ ਸੀ?

ਪਾਲੋ : ਤੇ ਤੂੰ ਦੇਖ ਰਹੀ ਏਂ ਨਾ, ਤੇਰੇ ਇਨ੍ਹਾਂ ਤੌਰ ਤਰੀਕਿਆਂ ਕਾਰਨ ਕੀ ਹੋ ਰਿਹਾ?

ਹੁਕਮੀ : ਮੈਂ ਇਹ ਤੌਰ ਤਰੀਕੇ ਨਿਭਾ ਸਕਦੀ ਹਾਂ, ਕਿਉਂਕਿ ਏਨੇ ਜੋਗੀ ਹਾਂ। ਪਰ ਤੂੰ ਜਿਨ੍ਹਾਂ ਲੋਕਾਂ 'ਚੋਂ ਐਂ, ਉਨ੍ਹਾਂ ਲੋਕਾਂ ਨੂੰ ਇਹ ਨਹੀਂ ਪੁੱਗ ਸਕਦੇ।

ਪਾਲੋ : ਮੈਨੂੰ ਚੇਤੇ ਨਾ ਕਰਾ। ਹੁਣ ਮੈਂ ਬੁੱਢੀ ਹੋ ਗਈ ਹਾਂ। ਮੈਂ ਤੇਰੇ ਵੱਲੋਂ ਦਿੱਤੀ ਹਿਫ਼ਾਜ਼ਤ ਲਈ ਤੇਰੀ ਅਹਿਸਾਨਮੰਦ ਆਂ।

ਹੁਕਮੀ : *(ਬੇਬਸੀ)* ਲਗਦਾ ਤਾਂ ਨਹੀਂ ਕਿ ਤੂੰ ਅਹਿਸਾਨਮੰਦ ਏਂ।

ਪਾਲੋ : (ਕੋਮਲਤਾ ਵਿਚ ਛੁਪੀ ਨਫ਼ਰਤ ਨਾਲ) ਕਿਰਨ ਉਸ ਸਭ ਕੁਝ ਨੂੰ ਮਾਫ਼ ਕਰ ਦੇਵੇਗੀ?

ਹੁਕਮੀ : ਜੇ ਉਹ ਨਹੀਂ ਕਰੇਗੀ, ਤਾਂ ਉਹਦਾ ਹਸ਼ਰ ਹੋਰ ਵੀ ਬੁਰਾ ਹੋਏਗਾ। ਮੈਂ ਨਹੀਂ ਮੰਨਦੀ ਕਿ ਇਹ ਉਹ ਗੱਲ ਐ ਜਿਹੜੀ ਏਥੇ ਵਾਪਰ ਰਹੀ ਐ। ਏਥੇ ਕੁਝ ਨਹੀਂ ਵਾਪਰ ਰਿਹਾ, ਬੱਸ ਤੂੰ ਚਾਹੁੰਦੀ ਐਂ ਕਿ ਵਾਪਰੇ। ਤੇ ਜੇ ਕਿਸੇ ਦਿਨ ਕੁਝ ਵਾਪਰਿਆ ਵੀ, ਤਾਂ ਤੂੰ ਯਕੀਨ ਰੱਖੀਂ, ਇਨ੍ਹਾਂ ਕੰਧਾਂ ਤੋਂ ਬਾਹਰ ਨਹੀਂ ਜਾਏਗਾ।

ਪਾਲੋ : ਮੈਨੂੰ ਬਹੁਤਾ ਯਕੀਨ ਨਹੀਂ। ਏਸ ਪਿੰਡ ਵਿਚ ਉਹ ਵੀ ਲੋਕ

ਨੇ, ਜਿਹੜੇ ਦਿਲ 'ਚ ਲੁਕੀਆਂ ਗੱਲਾਂ ਨੂੰ ਵੀ ਪੜ੍ਹ ਲੈਂਦੇ ਨੇ, ਬੜੀ ਦੂਰੋਂ।

ਹੁਕਮੀ : ਤੈਨੂੰ ਕਿਹੋ ਜਿਹਾ ਲੱਗੇ ਜੇ ਮੈਂ ਕਹਾਂ ਕਿ ਮੇਰੀਆਂ ਧੀਆਂ ਰੰਡੀਆਂ ਦੇ ਕੋਠੇ 'ਤੇ ਚਲੀਆਂ ਜਾਣ।

ਪਾਲੋ : ਕਿਸੇ ਨੂੰ ਆਪਣੇ ਕਿਸਮਤ ਦਾ ਪਤਾ ਨਹੀਂ ਹੁੰਦਾ।

ਹੁਕਮੀ : ਮੈਨੂੰ ਆਪਣੀ ਕਿਸਮਤ ਦਾ ਪਤਾ ਤੇ ਆਪਣੀਆਂ ਧੀਆਂ ਦੀਆਂ ਕਿਸਮਤਾਂ ਦਾ ਵੀ। ਰੰਡੀਆਂ ਦਾ ਕੋਠਾ ਕਿਸੇ ਖ਼ਾਸ ਔਰਤ ਲਈ ਸੀ ਤੇ ਉਹ ਮਰ ਚੁੱਕੀ ਐ।

ਪਾਲੋ : *(ਗੁੱਸੇ ਨਾਲ)* ਹੁਕਮੀ, ਮੇਰੀ ਮਾਂ ਬਾਰੇ ਇਹੋ ਜਿਹੇ ਬੋਲ ਨਾ ਬੋਲ।

ਹੁਕਮੀ : ਫੇਰ ਤੂੰ ਵੀ ਮੈਨੂੰ ਆਪਣੀਆਂ ਕਮੀਨੀਆਂ ਸੋਚਾਂ ਨਾਲ ਪਰੇਸ਼ਾਨ ਨਾ ਕਰ।

ਪਾਲੋ : ਮੈਨੂੰ ਕੋਈ ਲੋੜ ਨਹੀਂ ਦਖ਼ਲ ਦੇਣ ਦੀ।

ਹੁਕਮੀ : ਹਾਂ, ਤੈਨੂੰ ਕੋਈ ਲੋੜ ਨਹੀਂ। ਤੂੰ ਆਪਣਾ ਕੰਮ ਕਰ ਤੇ ਆਪਣਾ ਮੂੰਹ ਬੰਦ ਰੱਖ। ਇਹ ਹੀ ਉਨ੍ਹਾਂ ਲੋਕਾਂ ਦਾ ਫਰਜ਼ ਹੈ ਜੋ ਲੋਕ ਰੋਟੀ ਲਈ ਕੰਮ ਕਰਦੇ ਨੇ।

ਪਾਲੋ : ਪਰ ਮੈਂ ਮੂੰਹ ਬੰਦ ਨਹੀਂ ਰੱਖ ਸਕਦੀ? ਤੂੰ ਮੈਨੂੰ ਦੱਸ-ਕੀ ਇਹ ਚੰਗਾ ਨਾ ਹੁੰਦਾ ਜੇ ਦਿਲਬਾਗ ਕਿਰਨ ਨਾਲ ਵਿਆਹ ਕਰਵਾਉਂਦਾ ਤੇ ਜਾਂ ਚੰਨੋ ਨਾਲ?

ਹੁਕਮੀ : ਨਹੀਂ, ਮੈਂ ਇਸ ਤਰ੍ਹਾਂ ਨਹੀਂ ਸੋਚਦੀ।

ਪਾਲੋ : *(ਅਰਥ-ਭਰਪੂਰ ਢੰਗ ਨਾਲ)* ਚੰਨੋ, ਓਹੀ ਹੈ ਦਿਲਬਾਗ ਦੀ ਅਸਲੀ ਮਹਿਬੂਬਾ।

ਹੁਕਮੀ : ਪਰ ਦੁਨੀਆਂ ਵਿਚ ਉਸ ਤਰ੍ਹਾਂ ਨਹੀਂ ਹੁੰਦਾ, ਜਿਸ ਤਰ੍ਹਾਂ ਅਸੀਂ ਚਾਹੁੰਦੇ ਆਂ।

ਪਾਲੋ : ਪਰ ਹੋਣੀ ਦੇ ਵਹਿਣ ਨੂੰ ਆਪਣੇ ਰਾਹੋਂ ਮੋੜਨਾ ਵੀ ਬਹੁਤ ਮੁਸ਼ਕਲ ਕੰਮ ਹੈ। ਦਿਲਬਾਗ ਦਾ ਤਾਰੋ ਨਾਲ ਜੋੜ ਜੋੜਨਾ ਮੈਨੂੰ ਗ਼ਲਤ ਲਗਦਾ ਹੈ -ਤੇ ਦੂਜੇ ਲੋਕਾਂ ਨੂੰ ਵੀ -ਇਹ ਤਾਂ ਪਿੰਡ ਦੀ ਹਵਾ ਨੂੰ ਵੀ ਗ਼ਲਤ ਲਗਦਾ ਹੈ। ਕੌਣ ਜਾਣਦਾ



WWW.SIKHBOOKCLUB.COM 

ਕੀ ਹੋਵੇ, ਜੋ ਉਹ ਚਾਹੁੰਦੇ ਨੇ, ਉਨ੍ਹਾਂ ਨੂੰ ਉਹ ਮਿਲੇ ਵੀ ਕਿ ਨਾ।

ਹੁਕਮੀ : ਦੇਖ, ਫੇਰ ਤੂੰ ਓਸੇ ਰਾਹ ਤੁਰ ਪਈ-ਲੂਤੀਆਂ ਲਾਉਣ ਵਾਲੇ- ਤੇ ਮੇਰੇ ਮਨ ਵਿਚ ਡਰਾਉਣੇ ਖ਼ਿਆਲ ਭਰਨ ਲੱਗ ਪਈ। ਪਰ ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਕਿਉਂਕਿ ਜੋ ਤੂੰ ਕਹਿੰਨੀ ਏਂ, ਜੇ ਉਹ ਹੋ ਗਿਆ, ਮੈਂ ਤੇਰਾ ਮੂੰਹ ਨੋਚ ਲਵਾਂਗੀ।

ਪਾਲੋ : ਇਹ ਡਰਾਵੇ ਕਿਸੇ ਹੋਰ ਨੂੰ ਦੇ ਹੁਕਮੀਏ।

ਹੁਕਮੀ : ਖ਼ੁਸ਼ਕਿਸਮਤੀ ਨਾਲ, ਮੇਰੀਆਂ ਧੀਆਂ ਮੇਰਾ ਆਦਰ ਕਰਦੀਆਂ ਨੇ ਤੇ ਕਦੀ ਮੇਰੀ ਮਰਜ਼ੀ ਦੇ ਖਿਲਾਫ਼ ਨਹੀਂ ਗਈਆਂ।

ਪਾਲੋ : ਇਹ ਠੀਕ ਹੈ, ਪਰ ਜਿਸ ਦਿਨ ਉਨ੍ਹਾਂ ਨੇ ਸਲਾਖਾਂ ਤੋੜ ਲਈਆਂ ਉਹ ਉਡ ਕੇ ਛੱਤਾਂ 'ਤੇ ਬਹਿ ਜਾਣਗੀਆਂ।

ਹੁਕਮੀ : ਮੈਂ ਉਨ੍ਹਾਂ ਦੇ ਪੱਥਰ ਮਾਰ ਕੇ ਉਨ੍ਹਾਂ ਨੂੰ ਭੁੰਞੇ ਸੁੱਟ ਲਵਾਂਗੀ।

ਪਾਲੋ : ਓ, ਇਹ ਤਾਂ ਮੈਂ ਭੁੱਲ ਹੀ ਗਈ ਸਾਂ ਕਿ ਤੂੰ ਸਦਾ, ਸਭ ਤੋਂ ਵੱਧ ਬਹਾਦਰ ਰਹੀ ਐਂ।

ਹੁਕਮੀ : ਮੈਨੂੰ ਹਮੇਸ਼ਾ ਮੁਕਾਬਲਾ ਕਰਨਾ ਚੰਗਾ ਲਗਦੈ।

ਪਾਲੋ : ਪਰ ਦੁਨੀਆਂ ਅਜੀਬ ਐ। ਏਸ ਉਮਰ ਵਿਚ ਵੀ ਤਾਰੋ ਆਪਣੇ ਹੋਣ ਵਾਲੇ ਘਰ ਵਾਲੇ ਲਈ ਕਿੰਨੇ ਉਮਾਹ ਨਾਲ ਭਰੀ ਹੋਈ ਐ। ਤੇ ਦਿਲਬਾਗ ਤੇ ਵੀ ਜਾਦੂ ਚੱਲਿਆ ਲਗਦਾ। ਮੇਰਾ ਪੁੱਤ ਕਹਿੰਦਾ, ਇਕ ਦਿਨ ਵੱਡੇ ਤੜਕੇ ਜਦ ਉਹ ਖੇਤਾਂ ਨੂੰ ਜਾ ਰਿਹਾ ਸੀ ਤਾਂ ਤਾਰੋ ਤੇ ਦਿਲਬਾਗ ਖੜ੍ਹੇ ਗੱਲਾਂ ਕਰ ਰਹੇ ਸਨ, ਕੋਈ ਸਾਢੇ ਚਾਰ ਵੱਜੇ ਹੋਣਗੇ।

ਹੁਕਮੀ : ਸਾਢੇ ਚਾਰ?

ਤਾਰੋ *(ਪ੍ਰਵੇਸ਼)* : ਇਹ ਝੂਠ ਐ।

ਪਾਲੋ : ਪਰ ਮੈਨੂੰ ਤਾਂ ਓਨੇ ਇਹ ਹੀ ਦੱਸਿਆ।

ਹੁਕਮੀ *(ਤਾਰੋ ਨੂੰ)* : ਤੂੰ ਬੋਲ।

ਤਾਰੋ : ਉਹ ਇਕ ਵਜੇ ਚਲਾ ਗਿਆ ਸੀ। ਜੇ ਮੈਂ ਝੂਠ ਬੋਲਾਂ ਤਾਂ ਮੈਂ ਏਥੇ ਖੜੀ ਖੜੋਤੀ ਮਰ ਜਾਵਾਂ।

ਕਿਰਨ *(ਪ੍ਰਵੇਸ਼)* : ਮੈਂ ਵੀ ਚਾਰ ਵਜੇ ਉਹਦੇ ਜਾਣ ਦੀ ਖਿੜਕ ਸੁਣੀ।



WWW.SIKHBOOKCLUB.COM 

ਹੁਕਮੀ : ਪਰ ਤੂੰ ਉਹਨੂੰ ਆਪਣੀ ਅੱਖੀਂ ਵੇਖਿਆ ?

ਕਿਰਨ : ਮੈਂ ਅੱਖੀ ਨਹੀਂ ਦੇਖਿਆ। (ਤਾਰੋ ਨੂੰ) ਪਰ ਤੁਸੀਂ ਕਿੱਥੇ ਖੜੇ ਸੀ ?

ਤਾਰੋ : ਅਸੀਂ ਆਪਣੇ ਸੌਣ ਵਾਲੇ ਕਮਰੇ ਦੀ ਖਿੜਕੀ 'ਚ ਖੜੇ ਗੱਲਾਂ ਕਰਦੇ ਸੀ।

*(ਚੰਨੋ ਦਰਵਾਜ਼ੇ ਵਿਚ ਆਉਂਦੀ ਹੈ।)*

ਕਿਰਨ : ਫੇਰ.....

ਹੁਕਮੀ : ਇਹ ਕੀ ਹੋ ਰਿਹਾ ?

ਪਾਲੋ : ਜੇ ਤੂੰ ਹੁਣ ਤਕ ਖ਼ਬਰਦਾਰ ਨਹੀਂ ਰਹੀ ਤਾਂ ਤੈਨੂੰ ਹੁਣ ਪਤਾ ਲੱਗੇਗਾ। ਇਹ ਤਾਂ ਗੱਲ ਪੱਕੀ ਏ ਕਿ ਤੁਹਾਡੇ 'ਚੋਂ ਕਿਸੇ ਇਕ ਦੀ ਖਿੜਕੀ ਕੋਲ ਦਿਲਬਾਗ ਜ਼ਰੂਰ ਖੜਾ ਸੀ, ਤੜਕੇ ਚਾਰ ਵਜੇ।

ਹੁਕਮੀ : ਤੈਨੂੰ ਪੱਕਾ ਪਤਾ ?

ਪਾਲੋ : ਇਸ ਦੁਨੀਆਂ 'ਚ ਕਿਸੇ ਗੱਲ ਦਾ ਪੱਕਾ ਪਤਾ ਨਈਂ ਹੁੰਦਾ।

ਚੰਨੋ : ਅੰਮਾ, ਕਿਸੇ ਇਹੋ ਜਿਹੇ ਬੰਦੇ ਦੀ ਗੱਲ ਸੁਣਨ ਦੀ ਲੋੜ ਨਹੀਂ ਜਿਹੜਾ ਸਾਡੇ ਘਰ ਨੂੰ ਉਜਾੜਨਾ ਚਾਹੁੰਦਾ।

ਹੁਕਮੀ : ਮੈਨੂੰ ਆਪਣੇ ਆਪ ਨੂੰ ਸੰਭਾਲਣਾ ਆਉਂਦਾ। ਜੇ ਇਸ ਪਿੰਡ ਦੇ ਸਾਰੇ ਲੋਕ ਵੀ ਮੇਰੇ ਖਿਲਾਫ਼ ਝੂਠੀ ਗਵਾਹੀ ਲੈ ਕੇ ਆਉਣ ਤਾਂ ਉਹਨਾਂ ਸਾਰਿਆਂ ਨੂੰ ਮੂੰਹ ਦੀ ਖਾਣੀ ਪਏਗੀ। ਤੁਸੀਂ ਕੋਈ ਵੀ ਹੁਣ ਇਸ ਬਾਰੇ ਗੱਲ ਨਾ ਕਰਿਓ! ਕਈ ਵਾਰੀ ਲੋਕੀਂ ਤੁਹਾਡੇ 'ਤੇ ਚਿੱਕੜ ਪਾਉਣ ਦੀ ਕੋਸ਼ਿਸ਼ ਕਰਦੇ ਨੇ।

ਤਾਰੋ : ਮੈਨੂੰ ਝੂਠ ਬੋਲਣਾ ਪਸੰਦ ਨਹੀਂ।

ਪਾਲੋ : ਇਹਦਾ ਮਤਲਬ ਕੋਈ ਨਾ ਕੋਈ ਗੱਲ ਜ਼ਰੂਰ ਹੈ।

ਹੁਕਮੀ : ਕੋਈ ਗੱਲ ਨਹੀਂ ਏ। ਮੇਰਾ ਜਨਮ ਹਮੇਸ਼ਾ ਅੱਖੀਆਂ ਖੁਲ੍ਹੀਆਂ ਰੱਖਣ ਲਈ ਹੋਇਆ ਤੇ ਮੈਂ ਮਰਨ ਤੱਕ ਇਉਂ ਹੀ ਅੱਖਾਂ ਖੁਲ੍ਹੀਆਂ ਰੱਖ ਕੇ ਪਹਿਰਾ ਦਿਆਂਗੀ।



WWW.SIKHBOOKCLUB.COM 

ਤਾਰੋ : ਪਰ ਮੈਨੂੰ ਜਾਨਣ ਦਾ ਹੱਕ ਐ ਕਿ ਅਸਲ ਗੱਲ ਕੀ ਐ।

ਹੁਕਮੀ : ਤੈਨੂੰ ਕੋਈ ਹੱਕ ਨਹੀਂ ਮੇਰੀ ਆਗਿਆ ਮੰਨਣ ਤੋਂ ਸਿਵਾਇ। ਤੇ ਸੁਣੋ ਤੁਸੀਂ ਸਾਰੀਆਂ ਅੱਜ ਤੋਂ ਕੋਈ ਸੌਦਾ-ਸੂਤ ਲਿਆਉਣ ਲਈ ਵੀ ਤੁਹਾਨੂੰ ਬਾਹਰ ਜਾਣ ਦੀ ਲੋੜ ਨਹੀਂ। *(ਪਾਲੋ ਨੂੰ)*
ਤੇ ਤੂੰ ਸਾਡੇ ਮਾਮਲੇ 'ਚ ਖਿਲਕੁਲ ਦਖ਼ਲ ਨਾ ਦੇ। 'ਤੇ ਮੈਨੂੰ ਪੁੱਛੇ ਬਗ਼ੈਰ ਕੋਈ ਕਿਸੇ ਕਿਸਮ ਦਾ ਕਦਮ ਨਾ ਚੁੱਕੇ।

ਨੌਕਰ : *(ਪ੍ਰਵੇਸ਼ ਕਰਦਾ ਹੋਇਆ)* ਗਲੀ ਦੇ ਸਿਰੇ ਤੇ ਬਹੁਤ ਭੀੜ 'ਕੱਠੀ ਹੋਈ ਹੋਈ ਆ ਤੇ ਸਾਰੇ ਲੋਕ ਬੂਹਿਆਂ 'ਚ ਖੜ੍ਹੇ ਹਨ।

ਹੁਕਮੀ : *(ਪਾਲੋ ਨੂੰ)* ਜਾ ਦੌੜ ਕੇ ਦੇਖ ਕੇ ਆ ਕੀ ਗੱਲ ਆ। *(ਕੁੜੀਆਂ ਵੀ ਨਾਲ ਹੀ ਦੌੜਨ ਨੂੰ ਤਿਆਰ ਹੁੰਦੀਆਂ ਹਨ)* ਤੁਸੀਂ ਕਿੱਧਰ ਚੱਲੀਆਂ? ਮੈਂ ਤੁਹਾਨੂੰ ਜਾਣਦੀ ਆਂ ਸਾਰਾ ਦਿਨ ਖਿੜਕੀਆਂ 'ਚ ਖੜ੍ਹੀਆਂ ਲੋਕਾਂ ਨੂੰ ਦੇਖਦੀਆਂ ਰਹਿੰਦੀਆਂ, ਤੁਹਾਨੂੰ ਤਾਂ ਆਪਣੇ ਪਿਉ ਦੇ ਸੋਗ ਦੀ ਵੀ ਪਰਵਾਹ ਨਹੀਂ। ਚਲੋ ਸਾਰੀਆਂ ਪਿਛਲੇ ਵਿਹੜੇ 'ਚ। *(ਉਹ ਸਾਰੀਆਂ ਜਾਂਦੀਆਂ ਹਨ, ਹੁਕਮੀ ਵੀ ਚਲੀ ਜਾਂਦੀ ਹੈ। ਦੂਰੋਂ ਕੁਝ ਆਵਾਜ਼ਾਂ ਸੁਣਦੀਆਂ ਹਨ। ਕਿਰਨ ਤੇ ਚੰਨੋ ਆਉਂਦੀਆਂ ਹਨ। ਆਵਾਜ਼ਾਂ ਨੂੰ ਸੁਣਦੀਆਂ ਹਨ ਪਰ ਦਰਵਾਜ਼ੇ ਤੋਂ ਬਾਹਰ ਝਾਕਣ ਦਾ ਹੌਸਲਾ ਨਹੀਂ ਕਰਦੀਆਂ।)*

SIKHBOOKCLUB.COM

ਕਿਰਨ : ਤੂੰ ਮੇਰੀ ਅਹਿਸਾਨਮੰਦ ਹੋ ਕਿ ਮੈਂ ਮੂੰਹ ਨਹੀਂ ਖੋਲ੍ਹਿਆ।

ਚੰਨੋ : ਤੂੰ ਮੂੰਹ ਖੋਲ੍ਹਦੀ ਤਾਂ ਮੈਂ ਵੀ ਬੋਲ ਪੈਣਾ ਸੀ।

ਕਿਰਨ : ਤੂੰ ਕਹਿਣਾ ਕੀ ਸੀ?

ਚੰਨੋ : ਏਹੀ ਕਿ ਸਿਰਫ਼ ਚਾਹੁਣ ਨਾਲ ਕੁਝ ਨਹੀਂ ਹੋ ਜਾਂਦਾ। ਮੈਂ ਓਹੀ ਕਰਦੀ ਹਾਂ ਜੋ ਮੈਂ ਕਰ ਸਕਦੀ ਹਾਂ ਤੇ ਜੋ ਕੁਝ ਹੋ ਰਿਹਾ ਏ ਮੇਰੇ ਲਈ ਠੀਕ ਐ। ਤੂੰ ਚਾਹਿਆ ਸੀ ਪਰ ਏਸ ਕਾਬਲ ਨਾ ਹੋ ਸਕੀ।

ਕਿਰਨ : ਤੇਰੀ ਕਾਬਲੀਅਤ ਵੀ ਬਹੁਤੀ ਦੇਰ ਨਹੀਂ ਚੱਲਣੀ।

ਚੰਨੋ : ਮੈਂ ਤਾਂ ਸਭ ਕੁਝ ਹਾਸਲ ਕਰਾਂਗੀ।



WWW.SIKHBOOKCLUB.COM 

ਕਿਰਨ : ਮੈਂ ਤੈਨੂੰ ਉਹਦੀਆਂ ਬਾਹਾਂ 'ਚੋਂ ਖਿੱਚ ਲਵਾਂਗੀ।

ਚੰਨੋ : *(ਨਿਮਰਤਾ ਨਾਲ)* ਕਿਰਨ! ਇਉਂ ਨਾ ਕਰੀਂ!

ਕਿਰਨ : ਸਾਡੇ 'ਚੋਂ ਕੋਈ ਉਸ ਨੂੰ ਹਾਸਲ ਨਹੀਂ ਕਰੇਗੀ।

ਚੰਨੋ : ਪਰ ਉਹ ਮੈਨੂੰ ਆਪਣੀ ਘਰਵਾਲੀ ਬਣਾਉਣੀ ਚਾਹੁੰਦਾ।

ਕਿਰਨ : ਮੈਂ ਦੇਖ ਲਿਆ ਸੀ ਤੈਨੂੰ ਉਹਨੇ ਕਿਸ ਤਰ੍ਹਾਂ ਜੱਫੀ ਪਾਈ ਹੋਈ ਸੀ।

ਚੰਨੋ : ਮੈਂ ਨਹੀਂ ਸੀ ਚਾਹੁੰਦੀ, ਉਹ ਏਦਾਂ ਕਰੇ, ਪਰ ਉਹਨੇ ਤਾਂ ਜਿਵੇਂ ਮੈਨੂੰ ਰੱਸੀ ਪਾ ਕੇ ਖਿੱਚ ਲਿਆ।

ਕਿਰਨ : ਪਹਿਲਾਂ ਮੈਂ ਤੇਰੀ ਹੀ ਅਲਖ ਮੁਕਾਵਾਂਗੀ।

*(ਦੀਪੋ ਤੇ ਤਾਰੋ ਅੰਦਰ ਝਾਕਦੀਆਂ ਹਨ। ਸ਼ੋਰ ਹੋਰ ਉੱਚਾ ਹੋ ਰਿਹਾ ਹੈ। ਨੌਕਰ ਤੇ ਹੁਕਮੀ ਪ੍ਰਵੇਸ਼ ਕਰਦੇ ਹਨ। ਪਾਲੋ ਵੀ ਕਿਸੇ ਦੂਸਰੇ ਕਮਰੇ 'ਚੋਂ ਆਉਂਦੀ ਹੈ।)*

ਪਾਲੋ : ਹੁਕਮੀ।

ਹੁਕਮੀ : ਕੀ ਗੱਲ ਏ?

ਪਾਲੋ : ਕੁੜੇ ਆਹ ਨੁੱਕਰ ਵਾਲਿਆਂ ਦੀ ਧੀ ਨੇ, ਜਿਹੜੀ ਅਜੇ ਕੁਆਰੀ ਸੀ, ਨਿਆਣਾ ਜੰਮ ਦਿੱਤਾ ਪਤਾ ਨਈਂ ਕੀਹਦਾ...!

ਚੰਨੋ : ਨਿਆਣਾ..........।

ਪਾਲੋ : ਤੇ ਨਮੋਸ਼ੀ ਤੋਂ ਬਚਣ ਦੀ ਮਾਰੀ ਨੇ ਨਿਆਣਾ ਮਾਰ ਕੇ ਪੱਥਰਾਂ ਥੱਲੇ ਲਕੋ ਦਿੱਤਾ...... ਪਰ ਕੁੱਤੇ ਖ਼ਸਮਾਂ ਖਾਣਿਆਂ ਨੂੰ ਕੀ ਪਰਵਾਹ..... ਉਹ ਓਥੋਂ ਕੱਢ ਲਿਆਏ। ਜਿਵੇਂ ਕਿਤੇ ਰੱਬ ਨੇ ਹੁਕਮ ਦਿੱਤਾ ਹੋਵੇ..... ਤੇ ਉਹਦੇ ਦਰਵਾਜ਼ੇ ਮੂਹਰੇ ਛੱਡ ਗਏ......! ਤੇ ਹੁਣ ਉਹ ਧੀ ਨੂੰ ਮਾਰਨਾ ਚਾਹੁੰਦੇ ਆ..... ਉਹਨੂੰ ਗਲੀਆਂ 'ਚ ਖਿੱਚੀ ਫਿਰਦੇ ਆ...... ਖੇਤਾਂ 'ਚੋਂ ਕੰਮ ਛੱਡ ਕੇ ਆਦਮੀ ਘਰਾਂ ਨੂੰ ਤੁਰ ਪਏ ਆ...... ਪਿੰਡ 'ਚ ਤਾਂ ਤੂਫ਼ਾਨ ਮੱਚਿਆ ਪਿਆ......।

ਹੁਕਮੀ : ਮੈਂ ਤਾਂ ਕਹਿੰਨੀ ਆਂ ਸਾਰੇ ਰਾਹ 'ਚੋਂ ਟਾਹਣੀਆਂ ਤੋੜ ਲਿਆਉਣ ਤੇ ਛਮਕਾਂ ਨਾਲ ਪੱਛ ਦੇਣ ਤੇ ਕਹੀਆਂ ਦੇ ਦਸਤਿਆਂ ਨਾਲ ਫੇਂਹ ਦੇਣ ਕਲਮੂੰਹੀ ਨੂੰ।ਮਾਰ ਦੇਣ ਉਹਨੂੰ।

ਚੰਨੋ : ਨਹੀਂ, ਉਹਨੂੰ ਮਾਰਿਓ ਨਾ।

ਕਿਰਨ : ਆਓ ਦੇਖੀਏ ਤਾਂ ਸਹੀ।

*(ਬਾਹਰੋਂ ਇਕ ਔਰਤ ਦੀ ਚੀਕ ਤੇ ਲੋਕਾਂ ਦਾ ਸ਼ੋਰ ਸੁਣਦਾ ਹੈ।)*

ਚੰਨੋ : ਉਹਨੂੰ ਬਚ ਕੇ ਨਿਕਲ ਜਾਣ ਦਿਉ। ਬਾਹਰ ਨਾ ਜਾਓ।

ਕਿਰਨ : ਉਹਨੇ ਕੀਤੀ ਆ ਤਾਂ ਹੁਣ ਉਹ ਭੁਗਤੇ।

ਹੁਕਮੀ : *(ਦਰਵਾਜ਼ੇ ਤੇ)* ਪੂਲਸ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਹਨੂੰ ਮੁਕਾ ਦਿਓ। ਬਲ਼ਦੇ ਹੋਏ ਕੋਲ਼ੇ ਸੁੱਟੋ ਏਦੀਆਂ ਟੰਗਾਂ ਵਿਚ, ਜਿੱਥੇ ਅੱਗ ਲੱਗੀ ਹੋਈ ਸੀ ਇਹਨੂੰ ਬਹੁਤੀ।

ਚੰਨੋ : *(ਆਪਣਾ ਪੇਟ ਘੁੱਟਦੀ ਹੋਈ)* ਨਹੀਂ, ਨਹੀਂ।

ਹੁਕਮੀ : ਮਾਰ ਸੁੱਟੋ ਇਹਨੂੰ, ਮਾਰ ਸੁੱਟੋ.......।

(ਪਰਦਾ)

SIKHBOOKCLUB.COM

## ਤੀਜਾ ਅੰਕ

*(ਚਾਰ ਚਿੱਟੀਆਂ ਕੰਧਾਂ, ਹਲਕੀ ਨੀਲੀ ਭਾਅ ਮਾਰਦੀਆਂ। ਹੁਕਮੀ ਦੇ ਘਰ ਦਾ ਅੰਦਰਲਾ ਵਿਹੜਾ। ਕਮਰਿਆਂ ਵਿਚਲੀ ਰੋਸ਼ਨੀ ਨਾਲ ਚਮਕਦੇ ਦਰਵਾਜ਼ੇ ਮੰਚ ਨੂੰ ਹਲਕੀ ਸੂਖ਼ਮ ਚਮਕ ਦੇਂਦੇ ਹਨ। ਵਿਚਕਾਰ ਇਕ ਲਾਲਟੈਣ ਪਈ ਹੈ। ਆਲੇ ਦੁਆਲੇ ਹੁਕਮੀ ਤੇ ਉਹਦੀਆਂ ਧੀਆਂ ਬੈਠੀਆਂ ਖਾਣਾ ਖਾ ਰਹੀਆਂ ਹਨ। ਪਾਲੋ ਖਾਣਾ ਵਰਤਾ ਰਹੀ ਹੈ। ਜਦੋਂ ਪਰਦਾ ਉਠਦਾ ਹੈ ਗਹਿਰੀ ਚੁੱਪ ਹੈ, ਜਿਸਨੂੰ ਪਲੇਟਾਂ ਤੇ ਚਮਚਿਆਂ ਦਾ ਖੜਾਕ ਹੀ ਤੋੜਦਾ ਹੈ।)*

ਪ੍ਰਸਿੰਨੀ : ਮੈਂ ਹੁਣ ਚਲਦੀ ਆਂ, ਕਾਫ਼ੀ ਸਮਾਂ ਹੋ ਗਿਆ। *(ਉਹ ਉਠਦੀ ਹੈ।)*

ਹੁਕਮੀ : ਬਹਿ ਜਾ ਥੋੜ੍ਹਾ ਚਿਰ ਹੋਰ ਪ੍ਰਸਿੰਨੀਏ। ਆਪਾਂ ਕਿਹੜਾ ਛੇਤੀ ਛੇਤੀ ਮਿਲਦੀਆਂ.......

SIKHBOOKCLUB.COM

ਪਾਲੋ : ਬਹਿ ਜਾਉ ਬੀਬੀ ਜੀ ਅਜੇ ਬਹੁਤੀ ਰਾਤ ਨਹੀਂ ਹੋਈ। *(ਪ੍ਰਸਿੰਨੀ ਫਿਰ ਬੈਠ ਜਾਂਦੀ ਹੈ)*

ਹੁਕਮੀ : ਤੇਰੇ ਘਰ ਵਾਲੇ ਦਾ ਕੀ ਹਾਲ ਐ?

ਪ੍ਰਸਿੰਨੀ : ਉਹੋ ਜਿਹਾ ਈ ਆ।

ਹੁਕਮੀ : ਉਹ ਵੀ ਨਈਂ ਕਦੇ ਮਿਲਿਆ।

ਪ੍ਰਸਿੰਨੀ : ਤੈਨੂੰ ਪਤਾ ਈ ਆ ਉਹ ਕਿਹੋ ਜਿਹਾ ਬੰਦਾ। ਜਦ ਦਾ ਆਪਣੇ ਭਰਾ ਨਾਲ ਜਾਇਦਾਦ ਪਿੱਛੇ ਲੜਿਆ, ਬਾਹਰਲੇ ਦਰਵਾਜ਼ੇ ਥਾਣੀਂ ਆਉਣੋਂ ਜਾਣੋਂ ਈ ਹਟ ਗਿਆ-ਕੰਧ ਨਾਲ ਪੌੜੀ ਲਾ ਕੇ ਪਿਛਲੇ ਪਾਸੇ ਦੀ ਟੱਪ ਜਾਂਦਾ।

ਹੁਕਮੀ : ਗ਼ੈਰਤ ਵਾਲਾ ਆਦਮੀ ਐ। ਤੇਰੀ ਧੀ ਦਾ ਕੀ ਹਾਲ ਐ?

ਪ੍ਰਸਿੰਨੀ : ਉਹਦੇ ਪਿਉ ਨੇ ਉਹਨੂੰ ਕਦੀ ਮਾਫ਼ ਨਹੀਂ ਕੀਤਾ।

ਹੁਕਮੀ : ਕਰੇ ਵੀ ਕਿਵੇਂ।

ਪ੍ਰਸਿੰਨੀ : ਮੈਨੂੰ ਪਤਾ ਨਹੀਂ, ਉਹਨੇ ਤੈਨੂੰ ਕੀ ਦੱਸਿਆ। ਪਰ ਮੈਨੂੰ ਉਹਨੇ ਬਹੁਤ ਦੁੱਖ ਦਿੱਤਾ।

ਹੁਕਮੀ : ਜਿਹੜੀ ਧੀ ਆਗਿਆਕਾਰ ਨਾ ਹੋਵੇ, ਉਹ ਧੀ, ਧੀ ਨਹੀਂ ਰਹਿੰਦੀ, ਦੁਸ਼ਮਣ ਬਣ ਜਾਂਦੀ ਹੈ।

ਪ੍ਰਸਿੰਨੀ : ਮੈਂ ਤਾਂ ਪਾਣੀ ਨੂੰ ਵਗੀ ਜਾਣ ਦਿੰਦੀ ਆਂ, ਮੈਨੂੰ ਇੱਕੋ ਗੱਲ ਦੀ ਤਸੱਲੀ ਆ ਕਿ ਮੈਂ ਅਖ਼ੀਰ ਕਿਸੇ ਤੀਰਥ ਸਥਾਨ ਤੇ ਜਾ ਬੈਠਣਾ, ਮੇਰੀਆਂ ਅੱਖਾਂ ਦੀ ਜੋਤ ਮੱਧਮ ਹੋ ਰਹੀ ਆ ਤੇ ਮੈਂ ਨਹੀਂ ਚਾਹੁੰਦੀ ਮੇਰੇ ਬੱਚੇ ਮੇਰਾ ਮਜ਼ਾਕ ਉਡਾਉਣ। *(ਕੰਧ ਨਾਲ ਜ਼ੋਰ ਦਾ ਖੜਾਕ ਸੁਣਾਈ ਦਿੰਦਾ ਹੈ।)* ਇਹ ਕੀ ਹੋਇਆ?

ਹੁਕਮੀ : ਘੋੜਾ ਏ.... ਤਬੇਲੇ ਵਿਚ ਬੰਨ੍ਹਿਆ ਹੋਇਆ ਤੇ ਉਹ ਕੰਧਾਂ ਨੂੰ ਦੁਲੱਤੇ ਮਾਰਦਾ(ਉੱਚੀ ਆਵਾਜ਼ 'ਚ) ਇਹਦੇ ਗਲ਼ 'ਚ ਰੱਸਾ ਪਾਓ ਤੇ ਇਹਨੂੰ ਬਾਹਰ ਵਿਹੜੇ 'ਚ ਲੈ ਜਾਓ। *(ਮੱਧਮ ਆਵਾਜ਼ 'ਚ)* ਘੋੜਾ ਗਰਮੀ 'ਚ ਹੈ।

ਪ੍ਰਸਿੰਨੀ : ਵਛੇਰੀਆਂ ਕਦੋਂ ਲੁਆਉਣੀਆਂ?

ਹੁਕਮੀ : ਕੱਲ੍ਹ ਸਵੇਰੇ।

ਪ੍ਰਸਿੰਨੀ : ਤੈਨੂੰ ਆਪਣਾ ਮਾਲ ਡੰਗਰ ਵਧਾਉਣਾ ਆ ਗਿਆ।

ਹੁਕਮੀ : ਪੈਸੇ ਨਾਲ ਵਧਦਾ ਮਾਲ ਡੰਗਰ ਤੇ ਬੜਾ ਖੱਜਲ ਖੁਆਰ ਵੀ ਹੋਣਾ ਪੈਂਦਾ।

ਪਾਲੋ : ਹੁਕਮੀ ਕੋਲ ਐਸ ਵੇਲੇ ਇਲਾਕੇ ਵਿਚ ਸਭ ਤੋਂ ਵਧੀਆ ਮਾਲ ਐ। ਪਰ ਮੁੱਲ ਬਹੁਤ ਘਟ ਗਏ ਆ।

ਹੁਕਮੀ : ਥੋੜ੍ਹੀ ਜਿਹੀ ਸ਼ੱਕਰ ਲਵੇਂਗੀ, ਗਰਮ ਗਰਮ ਘਿਉ ਪਾ ਕੇ?

ਪ੍ਰਸਿੰਨੀ : ਨਹੀਂ, ਮੈਨੂੰ ਹੁਣ ਬਿਲਕੁਲ ਭੁੱਖ ਨਹੀਂ।
(ਕੰਧ ਨਾਲ ਕੁਝ ਵੱਜਣ ਦਾ ਖੜਾਕ ਫਿਰ ਸੁਣਾਈ ਦਿੰਦਾ ਹੈ।)

ਪਾਲੋ : ਓ ਮੇਰਿਆ ਰੱਬਾ।

ਪ੍ਰਸਿੰਨੀ : ਮੇਰੀ ਤਾਂ ਛਾਤੀ ਕੰਬ ਗਈ।

ਹੁਕਮੀ : *(ਉਠਦੀ ਹੋਈ, ਗੁੱਸੇ ਨਾਲ)* ਮੈਂ ਕਿੰਨੀ ਕੁ ਵਾਰ ਕਹਾਂ?



WWW.SIKHBOOKCLUB.COM 

ਉਹਨੂੰ ਖੋਲ੍ਹ ਦਿਓ, ਥੋੜ੍ਹਾ ਘਾਹ 'ਤੇ ਲਿਟ ਲਵੇ।
*(ਵਕਫ਼ਾ, ਫਿਰ ਜਿਵੇਂ ਤਬੇਲੇ ਦੇ ਰਾਖੇ ਨੂੰ ਕਹਿ ਰਹੀ ਹੋਵੇ)*
ਇਉਂ ਕਰ। ਘੋੜੀਆਂ ਨੂੰ ਅੰਦਰ ਤਾੜ ਦੇ। ਇਹਨੂੰ ਖੁੱਲ੍ਹਾ ਛੱਡ ਦੇ, ਨਹੀਂ ਤਾਂ ਏਨੇ ਕੰਧਾਂ ਢਾਹ ਦੇਣੀਆਂ।
*(ਉਹ ਮੇਜ਼ ਉੱਤੇ ਆ ਕੇ ਬੈਠ ਜਾਂਦੀ ਹੈ)*
ਉਫ਼ ਕਿਹੋ ਜਿਹੀ ਜ਼ਿੰਦਗੀ ਐ।

ਪ੍ਰਸਿੰਨੀ : ਤੈਨੂੰ ਤਾਂ ਮਰਦਾਂ ਵਾਂਗ ਜੂਝਣਾ ਪੈਂਦਾ।

ਹੁਕਮੀ : ਹਾਂ ਇਹ ਤਾਂ ਹੈ
*(ਚੰਨੋ ਮੇਜ਼ ਤੋਂ ਉੱਠਦੀ ਹੈ)*
ਤੂੰ ਕਿਧਰ ਚੱਲੀ ਏਂ?

ਚੰਨੋ : ਪਾਣੀ ਦਾ ਘੁੱਟ ਪੀਣ ਚੱਲੀ ਆਂ, ਅੰਮਾ।

ਹੁਕਮੀ : *(ਉੱਚੀ ਆਵਾਜ਼ 'ਚ)* ਠੰਢੇ ਪਾਣੀ ਦੀ ਝੱਜਰ ਲਿਆਓ ਏਧਰ।
*(ਚੰਨੋ ਨੂੰ)* ਤੂੰ ਬੈਠ ਜਾ ਏਥੇ।

ਪ੍ਰਸਿੰਨੀ : ਤੇ ਤਾਰੋ ਦਾ ਵਿਆਹ ਕਦੋਂ ਕਰ ਰਹੀ ਏਂ?

ਹੁਕਮੀ : ਬਸ ਆਹ ਤਿੰਨਾਂ ਕੁ ਦਿਨਾਂ 'ਚ ਸਾਹਾ ਆਉਣ ਵਾਲਾ।

ਪ੍ਰਸਿੰਨੀ : ਬੜੀ ਖੁਸ਼ ਹੋਵੇਂਗੀ ਤੂੰ ਤਾਂ।

ਤਾਰੋ : ਹਾਂ ਉਹ ਤਾਂ ਹੈ ਈ।

ਜੋਤੀ : *(ਦੀਪੋ ਨੂੰ)* ਅਹਿ ਤੂੰ ਲੂਣ ਡੋਲ੍ਹ ਦਿੱਤਾ?

ਦੀਪੋ : ਕੋਈ ਨੀ, ਹੁਣ ਜਿੰਨੀ ਆਪਣੀ ਕਿਸਮਤ ਖ਼ਰਾਬ ਹੋ ਚੁੱਕੀ ਹੈ, ਉਸ ਤੋਂ ਵੱਧ ਨਹੀਂ ਹੋਣ ਲੱਗੀ।

ਜੋਤੀ : ਇਹ ਝਿਮਣਾਂ ਨਾਲ ਚੁਗਣਾ ਪੈਂਦਾ।

ਹੁਕਮੀ : ਬਸ ਹੁਣ ਚੁੱਪ ਕਰੋ........!

ਪ੍ਰਸਿੰਨੀ : *(ਤਾਰੋ ਨੂੰ)* ਤੇਰੀ ਮੰਗਣੀ ਹੋ ਗਈ?

ਤਾਰੋ : *(ਅੰਗੂਠੀ ਦਿਖਾਉਂਦੀ)* ਅਹਿ ਦੇਖੋ!

ਪ੍ਰਸਿੰਨੀ : ਬਹੁਤ ਸੋਹਣੀ ਆ, ਤਿੰਨ ਚਿੱਟੇ ਮੋਤੀ ਨੇ ਇਹਦੇ ਵਿਚ। ਸਾਡੇ ਵੇਲੇ ਤਾਂ ਮੋਤੀਆਂ ਨੂੰ ਹੰਝੂਆਂ ਨਾਲ ਤੁਲਨਾ ਦਿੱਤੀ ਜਾਂਦੀ ਸੀ।



WWW.SIKHBOOKCLUB.COM 

| | | |
|---|---|---|
| ਤਾਰੋ | : | ਪਰ ਹੁਣ ਸਭ ਕੁਝ ਬਦਲ ਗਿਆ। |
| ਚੰਨੋ | : | ਮੈਂ ਨਹੀਂ ਸਮਝਦੀ ਕਿ ਸਭ ਕੁਝ ਬਦਲ ਗਿਆ। ਚੀਜ਼ਾਂ ਦੇ ਮਤਲਬ ਸਦਾ ਓਹੀ ਰਹਿੰਦੇ ਨੇ। ਮੰਗਣੀ ਦੀ ਮੁੰਦਰੀ ਵਿੱਚ ਤਾਂ ਲਾਲ ਨਗ ਚਾਹੀਦੇ ਹੁੰਦੇ ਨੇ। |
| ਪਾਲੋ | : | ਹਾਂ ਉਹੀ ਜਚਦੇ ਨੇ। |
| ਹੁਕਮੀ | : | ਮੋਤੀ ਹੋਣ ਜਾਂ ਨਗ, ਮਤਲਬ ਤਾਂ ਇਹ ਹੈ ਕਿ ਦੇਣ ਵਾਲਾ ਬੰਦਾ ਸੋਚਦਾ ਕੀ ਆ! |
| ਕਿਰਨ | : | ਜਾਂ ਰੱਬ ਕਰਦਾ ਕੀ ਆ। |
| ਪ੍ਰਸਿੰਨੀ | : | ਸੁਣਿਆ ਤੇਰਾ ਫ਼ਰਨੀਚਰ ਬਹੁਤ ਸੋਹਣਾ ? |
| ਹੁਕਮੀ | : | ਪੈਸੇ ਵੀ ਬਹੁਤ ਖਰਚੇ ਆ। |
| ਪਾਲੋ | : | *(ਦਖ਼ਲ ਦਿੰਦੀ ਹੋਈ)* ਸਭ ਤੋਂ ਸੋਹਣੀ ਤਾਂ ਕੱਪੜਿਆਂ ਵਾਲੀ ਅਲਮਾਰੀ ਆ, ਜੀਹਦੇ ਬਾਹਰ ਸ਼ੀਸ਼ਾ ਲੱਗਿਆ ਹੋਇਆ। |
| ਪ੍ਰਸਿੰਨੀ | : | ਮੈਂ ਨਹੀਂ ਦੇਖੀ ਇਹੋ ਜਿਹੀ ਅਲਮਾਰੀ। |
| ਹੁਕਮੀ | : | ਆਪਣੇ ਵੇਲੇ ਤਾਂ ਸੰਦੂਕ ਹੁੰਦੇ ਸੀ। |
| ਪ੍ਰਸਿੰਨੀ | : | ਚਲੋ ਕੁਝ ਵੀ ਹੋਵੇ, ਸੁਹੰਢਣਾ ਹੋਵੇ। |
| ਚੰਨੋ | : | ਇਹੀ ਤਾਂ ਪਤਾ ਨੀ ਹੁੰਦਾ ਕਿ ਸੁਹੰਢਣਾ ਹੋਣਾ ਕਿ ਨਹੀਂ। |
| ਹੁਕਮੀ | : | ਕਿਉਂ ਸੁਹੰਢਣਾ ਕਿਉਂ ਨਾ ਹੋਊ ? *(ਦੂਰੋਂ ਆਜ਼ਾਨ ਦੀ ਆਵਾਜ਼)* |
| ਪ੍ਰਸਿੰਨੀ | : | ਲੈ ਰਾਤ ਦੀ ਆਜ਼ਾਨ ਹੋ ਗਈ *(ਤਾਰੋ ਨੂੰ)* ਮੈਂ ਹੁਣ ਫੇਰ ਆਊਂਗੀ, ਤੇਰਾ ਦਾਜ ਦੇਖਣ। |
| ਤਾਰੋ | : | ਜਦੋਂ ਤੁਹਾਡਾ ਦਿਲ ਕਰੇ। |
| ਪ੍ਰਸਿੰਨੀ | : | ਚਲਦੀ ਆਂ, ਜਿਉਂਦੇ ਵਸਦੇ ਰਹੋ। |
| ਹੁਕਮੀ | : | ਅੱਛਾ ਭੈਣੇ, ਫੇਰ ਛੇਤੀ ਗੇੜਾ ਮਾਰੀਂ। *(ਪ੍ਰਸਿੰਨੀ ਜਾਂਦੀ ਹੈ।)* |
| ਹੁਕਮੀ | : | (ਧੀਆਂ ਨੂੰ) ਚਲੋ ਉੱਠੋ ਹੁਣ ਰੋਟੀ-ਟੁੱਕ ਦਾ ਕੰਮ ਮੁੱਕਿਆ। *(ਉਹ ਸਾਰੀਆਂ ਉੱਠਦੀਆਂ ਹਨ)* |
| ਚੰਨੋ | : | ਮੈਂ ਰਤਾ ਦਰਵਾਜ਼ੇ ਤਕ ਘੁੰਮ ਆਵਾਂ..... ਜ਼ਰਾ ਲੱਤਾਂ ਸਿੱਧੀਆਂ ਹੋ ਜਾਣਗੀਆਂ। ਨਾਲੇ ਕੁਛ ਤਾਜ਼ੀ ਹਵਾ ਅੰਦਰ |



WWW.SIKHBOOKCLUB.COM

ਜਾਊ।

*(ਦੀਪੋ ਕੰਧ ਨਾਲ ਲੱਗੀ ਹੋਈ ਨੀਵੀਂ ਜਿਹੀ ਕੁਰਸੀ ਤੇ ਬੈਠ ਜਾਂਦੀ ਹੈ।)*

ਜੋਤੀ : ਮੈਂ ਵੀ ਚਲਦੀ ਆਂ ਤੇਰੇ ਨਾਲ!

ਕਿਰਨ : ਮੈਂ ਵੀ।

ਚੰਨੋ : *(ਗੁੱਝੀ ਨਫ਼ਰਤ ਨਾਲ)* ਮੈਂ ਕੱਲੀ ਗੁਆਚ ਨਈਂ ਚੱਲੀ।

ਜੋਤੀ : ਨਹੀਂ, ਰਾਤ ਨੂੰ ਕੋਈ ਨਾ ਕੋਈ ਨਾਲ ਜ਼ਰੂਰ ਚਾਹੀਦਾ।

*(ਉਹ ਜਾਂਦੀਆਂ ਹਨ, ਹੁਕਮੀ ਬੈਠ ਜਾਂਦੀ ਹੈ। ਤਾਰੋ ਖਾਣੇ ਵਾਲਾ ਮੇਜ਼ ਸਾਫ਼ ਕਰ ਰਹੀ ਹੈ।)*

ਹੁਕਮੀ : (ਤਾਰੋ ਨੂੰ) ਮੈਂ ਤੈਨੂੰ ਪਹਿਲਾਂ ਵੀ ਕਹਿ ਚੁੱਕੀ ਹਾਂ, ਤੂੰ ਆਪਣੀ ਭੈਣ ਕਿਰਨ ਨਾਲ ਦਿਲ 'ਚ ਕੋਈ ਗੁੱਸਾ-ਗਿਲਾ ਨਾ ਰੱਖੀਂ। ਉਹ ਜਿਹੜੀ ਤਸਵੀਰ ਵਾਲੀ ਗੱਲ ਸੀ, ਉਹ ਸਿਰਫ਼ ਮਜ਼ਾਕ ਸੀ, ਤੂੰ ਉਹਨੂੰ ਭੁੱਲ ਜਾ।

ਤਾਰੋ : ਅੰਮਾ ਤੁਹਾਨੂੰ ਵੀ ਤਾਂ ਪਤਾ ਈ ਆ ਉਹ ਅੰਦਰਖਾਤੇ ਮੈਨੂੰ ਕਿੰਨੀ ਨਫ਼ਰਤ ਕਰਦੀ ਆ!

ਹੁਕਮੀ : ਸਭ ਨੂੰ ਪਤਾ, ਉਹ ਅੰਦਰਖਾਤੇ ਕੀ ਸੋਚਦੀ ਆ, ਪਰ ਮੈਂ ਕਿਸੇ ਦੇ ਅੰਦਰ ਦੀਆਂ ਸੂਹਾਂ ਨਈਂ ਲੈਂਦੀ ਫਿਰਦੀ। ਮੈਂ ਤਾਂ ਬਸ ਇਹ ਚਾਹੁੰਨੀ ਆਂ ਕਿ ਸਾਡੇ ਪਰਵਾਰ ਦਾ ਤਾਲ-ਮੇਲ ਬਣਿਆ ਰਵ੍ਹੇ ਤੇ ਲੋਕਾਂ 'ਚ ਸਾਡਾ ਆਦਰ ਮਾਣ ਬਣਿਆ ਰਵ੍ਹੇ, ਸਮਝੀ ਤੂੰ ਮੇਰੀ ਗੱਲ?

ਤਾਰੋ : ਹਾਂ, ਅੰਮਾ!

ਹੁਕਮੀ : ਬਸ ਫਿਰ ਹੁਣ ਇਸ ਗੱਲ ਦਾ ਏਥੇ ਈ ਭੋਗ ਪਾ ਦੇ।

ਦੀਪੋ : *(ਸੁੱਤ-ਉਨੀਂਦੀ ਜਿਹੀ ਬੋਲਦੀ ਹੈ)* ਨਾਲੇ ਹੁਣ ਥੋੜ੍ਹੇ ਦਿਨਾਂ ਨੂੰ ਤਾਂ ਤੂੰ ਚਲੀ ਜਾਣਾ *(ਫਿਰ ਉੱਘਣ ਲਗਦੀ)*

ਤਾਰੋ : ਮੈਨੂੰ ਇਹ ਦਿਨ ਥੋੜ੍ਹੇ ਨਈਂ ਲਗਦੇ।

ਹੁਕਮੀ : ਦਿਲਬਾਗ ਮਿਲਿਆ ਸੀ?

ਤਾਰੋ : ਹਾਂ ਕੱਲ੍ਹ।

ਹੁਕਮੀ : ਕੀ ਕਹਿੰਦਾ ਸੀ?



WWW.SIKHBOOKCLUB.COM 

ਤਾਰੋ : ਮੈਨੂੰ ਭੁਲੱਕੜ ਜਿਹਾ ਲਗਦਾ ਉਹ। ਜਦੋਂ ਮੇਰੇ ਨਾਲ ਗੱਲਾਂ ਕਰਦਾ, ਇਉਂ ਲਗਦਾ ਜਿਵੇਂ ਉਹ ਕੁਝ ਹੋਰ ਹੀ ਸੋਚ ਰਿਹਾ ਹੋਵੇ। ਜਦੋਂ ਮੈਂ ਪੁੱਛਦੀ ਆਂ ਕਿ ਕੀ ਗੱਲ ਆ, ਤਾਂ ਕਹਿੰਦਾ ਆਦਮੀਆਂ ਦੇ ਆਪਣੇ ਹੀ ਤਰ੍ਹਾਂ ਦੇ ਫ਼ਿਕਰ ਹੁੰਦੇ ਆ।

ਹੁਕਮੀ : ਤੈਨੂੰ ਪੁੱਛਣਾ ਵੀ ਨਹੀਂ ਚਾਹੀਦਾ, ਵਿਆਹ ਤੋਂ ਬਾਅਦ ਤਾਂ ਬਿਲਕੁਲ ਵੀ ਨਾ ਪੁੱਛੀਂ, ਓਦੋਂ ਹੀ ਬੋਲੀਂ, ਜਦੋਂ ਉਹ ਬੁਲਾਵੇ ਤੇ ਓਦੋਂ ਈ ਉਹਦੇ ਵਲ ਝਾਕੀਂ ਜਦੋਂ ਉਹ ਤੇਰੇ ਵੱਲ ਝਾਕੇ, ਫਿਰ ਤੁਹਾਡੀ ਨਿਭਣੀ ਆ!

ਤਾਰੋ : ਪਰ ਅੰਮਾ ਮੈਨੂੰ ਇਉਂ ਲਗਦਾ ਜਿਵੇਂ ਉਹ ਮੇਰੇ ਕੋਲੋਂ ਕੁਝ ਲੁਕੋਂਦਾ।

ਹੁਕਮੀ : ਤੂੰ ਕਦੇ ਜਾਨਣ ਦੀ ਕੋਸ਼ਿਸ਼ ਨਾ ਕਰੀਂ ਕੀ ਲਕੋਂਦਾ। ਨਾ ਉਹਨੂੰ ਕਦੇ ਪੁੱਛੀਂ। ਤੇ ਸਭ ਤੋਂ ਜ਼ਰੂਰੀ ਗੱਲ ਇਹ ਆ ਕਿ ਉਹ ਕਦੇ ਤੈਨੂੰ ਰੋਂਦੀ ਨੂੰ ਨਾ ਦੇਖੇ।

ਤਾਰੋ : ਅੰਮਾ, ਮੈਨੂੰ ਖੁਸ਼ ਹੋਣਾ ਚਾਹੀਦਾ ਪਰ ਮੈਂ ਖੁਸ਼ ਨਹੀਂ ਆਂ।

ਹੁਕਮੀ : ਕੋਈ ਫ਼ਰਕ ਨਹੀਂ ਪੈਂਦਾ।

ਤਾਰੋ : ਕਈ ਵਾਰੀ ਮੈਂ ਦਿਲਬਾਗ ਨੂੰ ਜਾਂਦਿਆਂ ਦੇਖਦੀ ਆਂ, ਆਪਣੀ ਖਿੜਕੀ ਥਾਣੀਂ, ਤਾਂ ਮੈਨੂੰ ਲਗਦਾ ਜਿਵੇਂ ਉਹ ਅਲੋਪ ਹੋ ਚੱਲਿਆ ਹੋਵੇ, ਜਿਵੇਂ ਉਹ ਵੱਗ ਦਿਆਂ ਖੁਰਾਂ ਨਾਲ ਉਡਾਈ ਹੋਈ ਧੂੜ ਵਿਚ ਗੁੰਮ ਰਿਹਾ ਹੋਵੇ।

ਹੁਕਮੀ : ਇਹ ਤੈਨੂੰ ਇਸ ਲਈ ਲਗਦਾ ਕਿਉਂਕਿ ਤੂੰ ਦਿਲ ਦੀ ਕਮਜ਼ੋਰ ਐਂ।

ਤਾਰੋ : ਮੈਨੂੰ ਵੀ ਏਹੀ ਲਗਦਾ।

ਹੁਕਮੀ : ਅੱਜ ਸ਼ਾਮੀ ਆਊਣਾ ਉਹਨੇ ?

ਤਾਰੋ : ਨਹੀਂ, ਅੱਜ ਉਹਨੇ ਆਪਣੀ ਮਾਂ ਨਾਲ ਕਿਤੇ ਵਾਂਢੇ ਜਾਣਾ।

ਹੁਕਮੀ : ਚਲ ਚੰਗਾ, ਅੱਜ ਜਲਦੀ ਸੌਂਵਾਂਗੇ।
*(ਦੀਪੋ ਨੂੰ)*
ਦੀਪੋ.......।

ਤਾਰੋ : ਸੌਂ ਗਈ ਆ।



WWW.SIKHBOOKCLUB.COM 

*(ਚੰਨੋ, ਕਿਰਨ ਤੇ ਜੋਤੀ ਆਉਂਦੀਆਂ ਹਨ।)*

ਜੋਤੀ : ਹਾਏ.....ਕਿੰਨੀ ਹਨ੍ਹੇਰੀ ਰਾਤ ਆ।

ਚੰਨੋ : ਦੋ ਕਦਮਾਂ ਦੀ ਦੂਰੀ ਤੇ ਵੀ ਕੁਝ ਨਹੀਂ ਦਿਖਾਈ ਦਿੰਦਾ।

ਕਿਰਨ : ਚੋਰਾਂ, ਡਾਕੂਆਂ ਲਈ ਅਜ ਦੀ ਰਾਤ ਬਹੁਤ ਚੰਗੀ ਆ। ਉਹਨਾਂ ਸਾਰਿਆਂ ਲਈ ਜਿਹਨਾਂ ਨੇ ਲੁਕਣਾ ਹੋਵੇ।

ਚੰਨੋ : ਘੋੜਾ ਵਾੜੇ ਦੇ ਵਿਚਾਲੇ ਖੜ੍ਹਾ..... ਚਿੱਟਾ ਸਫ਼ੈਦ.... ਆਮ ਘੋੜਿਆਂ ਤੋਂ ਦੁੱਗਣਾ...... ਸਾਰੇ ਹਨ੍ਹੇਰੇ 'ਚ ਫ਼ੈਲਿਆ ਹੋਇਆ......।

ਜੋਤੀ : ਸੱਚੀਂ, ਮੈਨੂੰ ਤਾਂ ਦੇਖ ਕੇ ਡਰ ਲਗਦਾ, ਜਿਵੇਂ ਕੋਈ ਭੂਤ ਪ੍ਰੇਤ ਹੋਵੇ।

ਚੰਨੋ : ਅਸਮਾਨ ਉੱਤੇ ਪੋੜਿਆਂ ਜਿੱਡੇ ਜਿੱਡੇ ਤਾਰੇ ਆ।

ਕਿਰਨ : *(ਚੰਨੋ ਵੱਲ ਇਸ਼ਾਰਾ ਕਰਦਿਆਂ)* ਇਹ ਤਾਂ ਏਨਾ ਚਿਰ ਤਾਰਿਆਂ ਵੱਲ ਵੇਖਦੀ ਰਹੀ..... ਇਹਦੀ ਧੌਣ ਹੀ ਟੁੱਟ ਜਾਣੀ ਸੀ।

ਚੰਨੋ : ਤੈਨੂੰ ਨਹੀਂ ਤਾਰੇ ਚੰਗੇ ਲਗਦੇ?

ਕਿਰਨ : ਜੋ ਛੱਤ ਦੇ ਉੱਪਰ ਵਾਪਰਦਾ ਮੇਰੇ ਲਈ ਉਸਦਾ ਕੋਈ ਮਤਲਬ ਨਹੀਂ। ਮੇਰੇ ਦੋਵੇਂ ਹੱਥ ਤਾਂ ਉਹਦੇ ਨਾਲ ਹੀ ਭਰੇ ਪਏ ਨੇ, ਜਿਹੜਾ ਛਾਂਦਾ ਛੱਤ ਦੇ ਹੇਠਾਂ ਵਰਤਦਾ ਏ।

ਚੰਨੋ : ਹਾਂ ਤੇਰਾ ਤੌਰ ਤਰੀਕਾ ਏਹੀ ਐ।

ਹੁਕਮੀ : ਤੌਰ ਤਰੀਕਾ ਤਾਂ ਤੇਰਾ ਵੀ ਏਹੀ ਹੈ, ਤੇ ਉਹਦਾ ਵੀ ਏਹੀ ਐ।

ਤਾਰੋ : ਅੱਛਾ, ਮੈਂ ਤਾਂ ਸੌਣ ਲੱਗੀ ਆਂ।

ਚੰਨੋ : ਏਨੀ ਛੇਤੀ?

ਤਾਰੋ : ਹਾਂ, ਅੱਜ ਦਿਲਬਾਗ ਨੇ ਨਹੀਂ ਆਉਣਾ।

*(ਉਹ ਜਾਂਦੀ ਹੈ।)*

ਚੰਨੋ : ਕਿੰਨੀ ਸੋਹਣੀ ਰਾਤ ਐ। ਮੈਂ ਤਾਂ ਅੱਜ ਅੱਧੀ ਰਾਤ ਤੱਕ ਛੱਤ 'ਤੇ ਹੀ ਰਹਿਣਾ ਤੇ ਖੇਤਾਂ ਵੱਲੋਂ ਆਉਂਦੀ ਹਵਾ ਦਾ ਮਜ਼ਾ ਲੈਣਾ।

ਹੁਕਮੀ : ਮੈਂ ਤਾਂ ਸੌਣ ਲੱਗੀ ਆਂ *(ਦੀਪੋ ਨੂੰ ਆਵਾਜ਼ ਮਾਰਦਿਆਂ)*



WWW.SIKHBOOKCLUB.COM 

ਦੀਪੋ।

ਜੋਤੀ : ਉਹ ਤਾਂ ਸੌਂ ਗਈ ਲੱਗਦੀ ਐ।

ਹੁਕਮੀ : ਦੀਪੋ।

ਦੀਪੋ : *(ਖਿਝ ਕੇ)* ਮੈਨੂੰ ਤੰਗ ਨਾ ਕਰੋ।

ਹੁਕਮੀ : ਚੱਲ ਆਪਣੇ ਬਿਸਤਰੇ 'ਤੇ ਚੱਲ।

ਦੀਪੋ : *(ਕੁਚੱਜੇ ਜਿਹੇ ਢੰਗ ਨਾਲ ਉਠਦੀ ਹੈ)* ਤੁਸੀਂ ਇਕ ਪਲ ਕਿਸੇ ਨੂੰ ਚੈਨ ਨਹੀਂ ਲੈਣ ਦੀਆਂ। *(ਬੁੜ ਬੁੜ ਕਰਦੀ ਜਾਂਦੀ ਹੈ।)*

ਜੋਤੀ : ਮੈਂ ਵੀ ਸੌਣ ਲੱਗੀ ਆਂ। *(ਜਾਂਦੀ ਹੈ)*

ਹੁਕਮੀ : ਤੁਸੀਂ ਦੋਨੋਂ ਵੀ ਉੱਠੋ।

ਕਿਰਨ : ਅੱਜ ਦਿਲਬਾਗ ਕਿਉਂ ਨਹੀਂ ਆ ਰਿਹਾ?

ਹੁਕਮੀ : ਉਹ ਕਿਤੇ ਬਾਹਰ ਗਿਆ।

ਕਿਰਨ : (ਚੰਨੋ ਵੱਲ ਦੇਖਦਿਆਂ) ਅੱਛਾ!

ਚੰਨੋ : ਚੰਗਾ ਸਵੇਰੇ ਮਿਲਾਂਗੀਆਂ

*(ਉਹ ਜਾਂਦੀ ਹੈ, ਤਾਰੋ ਪਾਣੀ ਪੀਂਦੀ ਹੈ ਤੇ ਹੌਲੀ ਹੌਲੀ ਬਾਹਰ ਜਾਂਦੀ ਹੈ, ਦਰਵਾਜ਼ੇ ਵੱਲ ਦੇਖਦੀ ਹੋਈ, ਪਾਲੋ ਪ੍ਰਵੇਸ਼ ਕਰਦੀ ਹੈ।)*

ਪਾਲੋ : ਤੂੰ ਅਜੇ ਏਥੇ ਈ ਐਂ, ਹੁਕਮੀਏ?

ਹੁਕਮੀ : ਬੱਸ ਸੁਖ ਦਾ ਸਾਹ ਲੈ ਰਹੀ ਆਂ ਤੇ ਖੁਸ਼ ਆਂ ਕਿ ਉਹ "ਸੰਗੀਨ ਚੀਜ਼" ਕਿਤੇ ਨਹੀਂ ਦਿਸ ਰਹੀ, ਜਿਹੜੀ ਏਥੇ ਵਾਪਰ ਰਹੀ ਐ, ਤੇਰੇ ਮੁਤਾਬਕ।

ਪਾਲੋ : ਹੁਕਮੀ ਆਪਾਂ ਇਸ ਬਾਰੇ ਹੋਰ ਗੱਲ ਨਾ ਹੀ ਕਰੀਏ ਤਾਂ ਠੀਕ ਐ।

ਹੁਕਮੀ : ਇਸ ਘਰ ਵਿਚ ਕਿਸੇ ਦੀ ਹਾਂ ਜਾਂ ਨਾਂਹ ਦਾ ਕੋਈ ਮਤਲਬ ਨਹੀਂ। ਮੇਰੀ ਨਿਗਰਾਨੀ ਹਰ ਚੀਜ਼ ਨੂੰ ਕਾਬੂ ਵਿਚ ਰੱਖਦੀ ਐ।

ਪਾਲੋ : ਠੀਕ ਹੈ, ਬਾਹਰ ਕੁਝ ਨਹੀਂ ਵਾਪਰ ਰਿਹਾ। ਤੇਰੀਆਂ ਧੀਆਂ ਇਸ ਤਰ੍ਹਾਂ ਦਿਖਾਈ ਦਿੰਦੀਆਂ ਜਿਵੇਂ ਕਿਸੇ ਅਲਮਾਰੀ ਵਿਚ ਸਾਂਭੀਆਂ ਚੀਜ਼ਾਂ ਹੋਣ। ਪਰ ਨਾ ਤੂੰ ਤੇ ਨਾ ਕੋਈ ਹੋਰ ਇਹ



WWW.SIKHBOOKCLUB.COM 

ਨਿਗਰਾਨੀ ਕਰ ਸਕਦਾ ਕਿ ਬੰਦੇ ਦੇ ਦਿਲ ਅੰਦਰ ਕੀ ਵਾਪਰਦਾ।

ਹੁਕਮੀ : ਮੈਨੂੰ ਏਨਾ ਪਤਾ, ਮੇਰੀਆਂ ਧੀਆਂ ਸੌਖੇ ਸਾਹ ਲੈਂਦੀਆਂ ਨੇ।

ਪਾਲੋ : ਇਹ ਤੂੰ ਜਾਣੇ। ਤੂੰ ਉਨ੍ਹਾਂ ਦੀ ਮਾਂ ਐਂ।

ਹੁਕਮੀ : ਹਾਂ, ਆਹ ਤੂੰ ਸਹੀ ਗੱਲ ਕੀਤੀ ਐ।

ਪਾਲੋ : ਮੈਂ ਆਪਣੀ ਥਾਂ ਜਾਣਦੀ ਆਂ।

ਹੁਕਮੀ : ਤੇਰਾ ਮਸਲਾ ਇਹ ਐ ਕਿ ਤੂੰ ਕੋਈ ਗੱਲ ਕਰਨ ਲਈ ਲੱਭਦੀ ਰਹਿੰਦੀ ਐਂ। ਜੇ ਸਾਡੇ ਵਿਹੜੇ 'ਚ ਘਾਹ ਉਗ ਆਵੇ ਤਾਂ ਤੂੰ ਇਹ ਕੋਸ਼ਿਸ਼ ਕਰਦੀ ਐਂ ਕਿ ਸਾਡਾ ਵਿਹੜਾ ਗੁਆਂਢੀਆਂ ਦੇ ਡੰਗਰਾਂ ਦੀ ਚਰਾਂਦ ਬਣ ਜਾਵੇ।

ਪਾਲੋ : ਮੈਂ ਤਾਂ ਗੁਆਂਢ ਤੋਂ ਬਹੁਤ ਲੁਕੋਅ ਰੱਖਦੀ ਆਂ। ਤੂੰ ਪਤਾ ਨਹੀਂ ਕਿਉਂ ਏਦਾਂ ਸੋਚਦੀ ਏਂ।

ਹੁਕਮੀ : ਕੀ ਤੇਰੇ ਮੁੰਡੇ ਅਜੇ ਵੀ ਤੜਕੇ ਚਾਰ ਵਜੇ ਦਿਲਬਾਗ ਨੂੰ ਮੇਰੇ ਘਰ ਕੋਲ ਖੜੋਤਾ ਦੇਖਦੇ ਨੇ? ਕੀ ਅਜੇ ਵੀ ਉਹ ਮੇਰੇ ਘਰ ਦੀ ਬੁਰਿਆਈ ਦੇ ਸੋਹਲੇ ਗਾਉਂਦੇ ਨੇ?

ਪਾਲੋ : ਮੇਰੇ ਮੁੰਡੇ ਕੁਝ ਨਹੀਂ ਕਹਿੰਦੇ।

ਹੁਕਮੀ : ਕਿਉਂਕਿ ਉਹ ਕੁਝ ਕਹਿ ਨਹੀਂ ਸਕਦੇ। ਉਨ੍ਹਾਂ ਨੂੰ ਕੁਝ ਲੱਭਦਾ ਨਹੀਂ ਆਪਣੇ ਦੰਦ ਖੋਭਣ ਨੂੰ। ਇਹ ਸਾਰਾ ਕੁਝ ਇਸ ਲਈ ਐ ਕਿਉਂਕਿ ਮੈਂ ਦਿਨ ਰਾਤ ਨਿਗਰਾਨੀ ਰੱਖਦੀ ਆਂ।

ਪਾਲੋ : ਹੁਕਮੀ, ਮੈਂ ਇਸ ਬਾਰੇ ਕੋਈ ਗੱਲ ਨਹੀਂ ਕਰਨੀ ਚਾਹੁੰਦੀ ਕਿਉਂਕਿ ਮੈਂ ਡਰਦੀ ਆਂ ਕਿ ਪਤਾ ਨਹੀਂ ਤੂੰ ਕੀ ਕਰੇਂ। ਪਰ ਤੂੰ ਸਭ ਕੁਝ ਨੂੰ ਏਨਾ ਸਹੀ ਸਲਾਮਤ ਨਾ ਸਮਝ।

ਹੁਕਮੀ : ਬਹੁਤ ਸਹੀ ਸਲਾਮਤ

ਪਾਲੋ : ਕੌਣ ਜਾਣਦਾ, ਕਿਹੜੇ ਵੇਲੇ ਅਚਾਨਕ ਬਿਜਲੀ ਡਿਗ ਪਵੇ। ਕੀ ਪਤਾ ਕਿਹੜੇ ਵੇਲੇ ਐਸੀ ਲਹੂ ਦੀ ਕਾਂਗ ਉਠੇ ਕਿ ਤੁਹਾਡੇ ਦਿਲ ਦੀ ਧੜਕਣ ਰੁਕ ਜਾਵੇ।

ਹੁਕਮੀ : ਏਥੇ ਕੁਝ ਨਹੀਂ ਹੋਵੇਗਾ। ਮੈਂ ਤੇਰੇ ਸੰਸਿਆਂ ਤੋਂ ਰਖਵਾਲੀ



WWW.SIKHBOOKCLUB.COM 

ਕਰ ਰਹੀ ਆਂ।

ਪਾਲੋ : ਏਹੀ ਸਹੀ ਗੱਲ ਐ ਤੇਰੇ ਲਈ।

ਹੁਕਮੀ : ਹਾਂ ਬਿਲਕੁੱਲ ਸਹੀ

ਨੌਕਰ : *(ਦਾਖ਼ਲ ਹੁੰਦਿਆਂ)* ਬੀਬੀ ਜੀ, ਮੈਂ ਬਰਤਨ ਸਾਫ਼ ਕਰ ਦਿੱਤੇ ਨੇ, ਹੋਰ ਕੋਈ ਕੰਮ ਐ ?

ਹੁਕਮੀ : *(ਉੱਠਦਿਆਂ)* ਨਹੀਂ, ਮੈਂ ਥੋੜ੍ਹਾ ਆਰਾਮ ਕਰ ਲਵਾਂ।

ਪਾਲੋ : ਕਿੰਨੇ ਵਜੇ ਜਗਾ ਦਿਆਂ ?

ਹੁਕਮੀ : ਜਗਾਈਂ ਨਾ, ਅੱਜ ਮੈਂ ਚੰਗੀ ਤਰ੍ਹਾਂ ਸੌਣਾ ਚਾਹੁੰਦੀ ਆਂ। *(ਉਹ ਜਾਂਦੀ ਹੈ)*

ਪਾਲੋ : ਜਦੋਂ ਤੁਸੀਂ ਸਮੁੰਦਰ ਦੀਆਂ ਛੱਲਾਂ ਸਾਹਮਣੇ ਆਪਣੇ ਆਪ ਨੂੰ ਨਿਤਾਣੇ ਮਹਿਸੂਸ ਕਰੋ ਤਾਂ ਏਹੀ ਠੀਕ ਹੁੰਦਾ ਕਿ ਸਮੁੰਦਰ ਵੱਲ ਪਿੱਠ ਕਰੋ ਤੇ ਸਮੁੰਦਰ ਨੂੰ ਦੇਖੋ ਹੀ ਨਾ।

ਨੌਕਰਾਣੀ : ਏਦ੍ਹੇ ਵਿਚ ਏਨਾ ਘੁਮੰਡ ਐ ਕਿ ਇਹਨੇ ਆਪ ਹੀ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੋਈ ਐ।

ਪਾਲੋ : ਮੈਂ ਕੁਝ ਨਹੀਂ ਕਰ ਸਕਦੀ। ਮੈਂ ਹਾਦਸਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਹੁਣ ਮੈਨੂੰ ਵੀ ਉਨ੍ਹਾਂ ਤੋਂ ਬਹੁਤ ਡਰ ਲੱਗਣ ਲੱਗ ਪਿਆ। ਤੂੰ ਇਸ ਚੁੱਪ ਚਾਣ ਨੂੰ ਮਹਿਸੂਸ ਕਰ ਸਕਦੀ ਏਂ, ਹਰ ਕਮਰੇ ਵਿਚ ਇਕ ਝੱਖੜ ਛੁਪਿਆ ਹੋਇਆ, ਜਿਸ ਦਿਨ ਇਹ ਝੁੱਲ ਪਿਆ, ਇਹ ਸਾਨੂੰ ਸਭ ਨੂੰ ਆਪਣੇ ਨਾਲ ਉਡਾ ਲਿਜਾਏਗਾ। ਪਰ ਮੈਂ ਜੋ ਕੁਝ ਕਹਿਣਾ ਸੀ ਕਹਿ ਚੁੱਕੀ ਆਂ।

ਨੌਕਰਾਣੀ : ਬੀਬੀ ਜੀ ਸੋਚਦੇ ਐ, ਉਨ੍ਹਾਂ ਦੇ ਅੱਗੇ ਕੁਝ ਨਹੀਂ ਠਹਿਰ ਸਕਦਾ। ਪਰ ਉਨ੍ਹਾਂ ਨੂੰ ਪਤਾ ਨਹੀਂ ਕੱਲੀਆਂ ਕਾਰੀਆਂ ਔਰਤਾਂ ਸਾਹਮਣੇ ਇਕ ਮਰਦ ਵਿਚ ਬਹੁਤ ਤਾਕਤ ਹੁੰਦੀ ਐ।

ਪਾਲੋ : ਸਾਰਾ ਕਸੂਰ ਦਿਲਬਾਗ ਦਾ ਨਹੀਂ। ਇਹ ਸੱਚ ਐ, ਪਿਛਲੇ ਸਾਲ ਉਹ ਚੰਨੋ ਪਿੱਛੇ ਫਿਰਦਾ ਸੀ ਤੇ ਉਹ ਵੀ ਉਹਦੇ ਪਿਛੇ ਪਾਗਲ ਹੋਈ ਫਿਰਦੀ ਸੀ। ਪਰ ਹੁਣ ਚੰਨੋ ਨੂੰ ਆਪਣੀ ਥਾਂ

ਸਮਝਣੀ ਚਾਹੀਦੀ ਐ ਤੇ ਪਾਸੇ ਹਟ ਜਾਣਾ ਚਾਹੀਦੈ। ਮਰਦ ਆਖ਼ਰ ਮਰਦ ਹੁੰਦਾ।

ਨੌਕਰਾਣੀ : ਕੁਝ ਤਾਂ ਇਹ ਵੀ ਕਹਿੰਦੇ ਆ ਕਿ ਦਿਲਬਾਗ ਤਾਂ ਹੁਣ ਪਿੱਛੇ ਹਟਦਾ, ਚੰਨੋ ਨਹੀਂ ਹਟਣ ਦੇਂਦੀ।

ਪਾਲੋ : ਇਹ ਸੱਚੀ ਗੱਲ ਐ।
*(ਮੱਧਮ ਆਵਾਜ਼ ਵਿਚ)*
ਤੇ ਬੜਾ ਕੁਝ ਹੋਰ

ਨੌਕਰਾਣੀ : ਮੈਨੂੰ ਸਮਝ ਨਹੀਂ ਆਉਂਦੀ, ਕੀ ਹੋਣ ਵਾਲਾ।

ਪਾਲੋ : ਕਾਸ਼ ਮੈਂ ਕਿਸੇ ਤਰ੍ਹਾਂ ਇਸ ਜੰਗ ਦੇ ਮੈਦਾਨ ਵਿਚੋਂ ਨਿਕਲ ਜਾਵਾਂ। ਇਸ ਘਰ ਨੂੰ ਛੱਡ ਜਾਵਾਂ।

ਨੌਕਰਾਣੀ : ਹੁਕਮੀ ਛੇਤੀ ਛੇਤੀ ਵਿਆਹ ਦੀਆਂ ਤਿਆਰੀਆਂ ਕਰ ਰਹੀ ਐ, ਹੋ ਸਕਦਾ ਹੈ ਸਭ ਕੁਝ ਹੋਣੋਂ ਟਲ ਹੀ ਜਾਵੇ।

ਪਾਲੋ : ਨਹੀਂ, ਗੱਲਾਂ ਬਹੁਤ ਅੱਗੇ ਵਧ ਚੁੱਕੀਆਂ। ਚੰਨੋ ਤੁਲੀ ਹੋਈ ਐ, ਭਾਵੇਂ ਜੋ ਮਰਜ਼ੀ ਹੋ ਜਾਵੇ। ਤੇ ਦੂਜੀਆਂ ਸਾਹ ਰੋਕ ਕੇ ਸਭ ਕੁਝ ਦੇਖ ਰਹੀਆਂ ਨੇ।

ਨੌਕਰਾਣੀ : ਕਿਰਨ ਵੀ......?

ਪਾਲੋ : ਉਹ ਸਭ ਤੋਂ ਬੁਰੀ ਐ। ਉਹ ਤਾਂ ਨੱਕੋ ਨੱਕ ਜ਼ਹਿਰ ਨਾਲ ਭਰੀ ਹੋਈ ਐ। ਉਹਨੂੰ ਪਤਾ ਦਿਲਬਾਗ ਨੇ ਉਹਦਾ ਨਹੀਂ ਹੋਣਾ ਤੇ ਉਹਦਾ ਜੇ ਵੱਸ ਚੱਲੇ ਤਾਂ ਸਾਰੀ ਦੁਨੀਆਂ ਨੂੰ ਤਬਾਹ ਕਰ ਦੇਵੇ।

ਨੌਕਰਾਣੀ : ਕਿੰਨੀਆਂ ਕਮੀਨੀਆਂ ਨੇ ਇਹ।

ਪਾਲੋ : ਇਹ ਤੀਵੀਆਂ ਨੇ, ਮਰਦਾਂ ਤੋਂ ਵਿਰਵੀਆਂ। ਏਨੀ ਗੱਲ ਐ ਸਾਰੀ। ਤੇ ਇਹੋ ਜਿਹੀਆਂ ਹਾਲਤਾਂ ਵਿਚ ਬੰਦਾ ਆਪਣੇ ਖ਼ੂਨ ਨੂੰ ਵੀ ਭੁੱਲ ਜਾਂਦਾ। ਚੁੱਪ.......

ਨੌਕਰਾਣੀ : ਕੀ ਗੱਲ ਐ?

ਪਾਲੋ : *(ਉੱਠਦੀ ਹੈ)* ਕੁੱਤੇ ਭੌਂਕ ਰਹੇ ਨੇ।

ਨੌਕਰਾਣੀ : ਕੋਈ ਪਿਛਲੇ ਬੂਹੇ ਕੋਲ ਦੀ ਲੰਘਿਆ ਹੋਵੇਗਾ।
*(ਚੰਨੋ ਚਿੱਟੀ ਸ਼ਮੀਜ਼ ਤੇ ਘੱਗਰੀ ਪਹਿਨੀ ਆਉਂਦੀ ਐ।)*



WWW.SIKHBOOKCLUB.COM 

ਪਾਲੋ : ਤੂੰ ਅਜੇ ਸੁੱਤੀ ਨਹੀਂ ?

ਚੰਨੋ : ਪਿਆਸ ਲੱਗੀ ਸੀ।

*(ਉਹ ਚੌਕੀ ਉਤੇ ਰੱਖੀ ਝੱਜਰ 'ਚੋਂ ਪਾਣੀ ਪੀਂਦੀ ਹੈ)*

ਪਾਲੋ : ਮੈਂ ਸੋਚਿਆ ਸੀ ਤੂੰ ਸੌਂ ਗਈ ਹੋਵੇਂਗੀ।

ਚੰਨੋ : ਮੈਨੂੰ ਪਿਆਸ ਨਾਲ ਜਾਗ ਆ ਗਈ। ਤੁਸਾਂ ਦੋਹਾਂ ਨੇ ਨਹੀਂ ਅੱਜ ਸੌਣਾ ?

ਨੌਕਰਾਣੀ : ਬੱਸ ਥੋੜ੍ਹੀ ਦੇਰ ਬਾਅਦ

*(ਚੰਨੋ ਜਾਂਦੀ ਹੈ)*

ਪਾਲੋ : ਆਪਾਂ ਵੀ ਚੱਲੀਏ

ਨੌਕਰਾਣੀ : ਸੌਂਈਏਂ, ਹੁਕਮੀ ਸਾਰਾ ਦਿਨ ਆਰਾਮ ਨਹੀਂ ਕਰਨ ਦੇਂਦੀ।

ਪਾਲੋ : ਲਾਲਟੈਣ ਲੈ ਜਾ।

ਨੌਕਰਾਣੀ : ਕੁੱਤੇ ਤਾਂ ਪਾਗਲ ਹੋਏ ਪਏ ਆ।

ਪਾਲੋ : ਇਹਨਾਂ ਕਿੱਥੇ ਸਾਨੂੰ ਸੌਣ ਦੇਣਾ।

*(ਉਹ ਬਾਹਰ ਜਾਂਦੀਆਂ ਹਨ। ਮੰਚ ਤੇ ਤਕਰੀਬਨ ਹਨ੍ਹੇਰਾ ਹੈ। ਮਾਲਾਂ ਹੱਥਾਂ ਵਿਚ ਇਕ ਲੇਲਾ ਫੜੀ ਦਾਖ਼ਲ ਹੁੰਦੀ ਹੈ)*

ਮਾਲਾਂ : *(ਗਾਉਂਦੀ ਹੋਈ)*

ਸੁਣ ਓਏ ਨਿੱਕਿਆ ਲੇਲਿਆ
ਮੇਰੇ ਬੱਚੜਿਆ ਵੇ
ਚੱਲ ਚੱਲੀਏ ਵੇ ਨਦੀਓਂ ਪਾਰ
ਸਾਡਾ ਰਸਤਾ ਤੱਕਦੇ ਮੋਰ ਵੇ
ਸੁਹਣੇ ਰੰਗਲੇ ਖੰਭ ਖਿਲਾਰ
ਤੈਨੂੰ ਦੇਊਂਗੀ ਪਕਾ ਕੇ ਰੋਟੀਆਂ
ਉਤੇ ਰਖੂੰਗੀ ਅੰਬ ਦਾ ਆਚਾਰ
ਹੁਕਮੀ ਦੇ ਚੀਤੇ ਜਿਹੇ ਦੰਦ ਵੇ
ਦੀਪੋ ਦਾ ਮੂੰਹ ਬਘਿਆੜ
ਚੱਲ ਓਏ ਨਿੱਕਿਆ ਲੇਲਿਆ
ਚੱਲ ਚੱਲੀਏ ਸੱਚੇ ਦਰਬਾਰ

*(ਹੱਸਦੀ ਹੈ)*



WWW.SIKHBOOKCLUB.COM 

ਨਾ ਤੈਨੂੰ, ਨਾ ਮੈਨੂੰ ਨੀਂਦ ਵੇ
ਰਾਤੀਂ ਖੁੱਲ੍ਹ ਜਾਣੇ ਬੂਹੇ ਤੇ ਬਾਰ
ਆਪਾਂ ਕੰਢੇ ਕੰਢੇ ਠੁਮ ਠੁਮ ਚੱਲ ਕੇ
ਲੁਕ ਜਾਵਾਂਗੇ ਬੇਲੇ ਵਿਚਕਾਰ
ਹੁਕਮੀ ਦੇ ਚੀਤੇ ਜਿਹੇ ਦੰਦ ਵੇ ਲੇਲਿਆ
ਦੀਪੋ ਦਾ ਮੂੰਹ ਬਘਿਆੜ
ਚੱਲ ਚੱਲੀਏ ਵੇ ਸੱਚੇ ਦਰਬਾਰ

*(ਗਾਉਂਦੀ ਗਾਉਂਦੀ ਚਲੀ ਜਾਂਦੀ ਹੈ)*

*(ਚੰਨੋ ਦਾਖ਼ਲ ਹੁੰਦੀ ਹੈ। ਧਿਆਨ ਨਾਲ ਏਧਰ ਓਧਰ ਦੇਖਦੀ ਹੈ। ਵਾੜੇ ਵੱਲ ਨੂੰ ਜਾਂਦੇ ਦਰਵਾਜ਼ੇ ਵਿਚ ਗਾਇਬ ਹੋ ਜਾਂਦੀ ਹੈ। ਇਕ ਹੋਰ ਦਰਵਾਜ਼ੇ ਥਾਣੀਂ ਕਿਰਨ ਪ੍ਰਵੇਸ਼ ਕਰਦੀ ਹੈ । ਮੰਚ ਦੇ ਵਿਚਕਾਰ ਚਿੰਤਾਭਰੀ ਹੁਸ਼ਿਆਰੀ ਨਾਲ ਖੜੀ ਹੋ ਜਾਂਦੀ ਹੈ। ਉਹਨੇ ਵੀ ਕ਼ਮੀਜ਼ ਤੇ ਘੱਗਰੀ ਪਾਈ ਹੋਈ ਹੈ। ਕਾਲੀ ਲੋਈ ਨਾਲ ਉਹਨੇ ਆਪਣੇ ਆਪ ਨੂੰ ਢਕਿਆ ਹੋਇਆ ਹੈ। ਮਾਲਾਂ ਉਹਦੇ ਅੱਗਿਓਂ ਦੀ ਲੰਘਦੀ ਹੈ)*

ਕਿਰਨ : ਬੇਬੇ ਤੂੰ ਕਿੱਧਰ ਚੱਲੀ ਏਂ ?

SIKHBOOKCLUB.COM

ਮਾਲਾਂ : ਤੂੰ ਬਾਹਰਲਾ ਦਰਵਾਜ਼ਾ ਖੋਲ੍ਹ ਦੇਵੇਂਗੀ ? ਕੌਣ ਏਂ ਤੂੰ ?

ਕਿਰਨ : ਤੂੰ ਬਾਹਰ ਕਿਸ ਤਰ੍ਹਾਂ ਆਈ ਬੇਬੇ ?

ਮਾਲਾਂ : ਮੈਂ ਬਚ ਕੇ ਨਿਕਲ ਆਈ, ਤੂੰ, ਤੂੰ ਕੌਣ ਏਂ ?

ਕਿਰਨ : ਬੇਬੇ, ਜਾ ਕੇ ਸੌਂ ਜਾ

ਮਾਲਾਂ : ਤੂੰ ਕਿਰਨ ਏਂ ? ਲੈ ਮੈਂ ਹੁਣ ਪਛਾਣਿਆ। ਕਿਰਨ, ਤੇਰਾ ਚਿਹਰਾ ਤਾਂ ਬੱਦਲਾਂ ਵਿੱਚ ਘਿਰੇ ਚੰਦ ਵਰਗਾ ਤੇ ਤੇਰੇ ਬੱਚਾ ਕਦ ਹੋਣਾ ? ਆਹ, ਮੇਰੇ ਤਾਂ ਹੋ ਗਿਆ।

ਕਿਰਨ : ਇਹ ਲੇਲਾ ਤੂੰ ਕਿਥੋਂ ਲਿਆ ਬੇਬੇ ?

ਮਾਲਾਂ : ਮੈਨੂੰ ਪਤਾ ਇਹ ਲੇਲਾ ਐ। ਪਰ ਕੀ ਲੇਲਾ ਕਿਸੇ ਦਾ ਬੱਚਾ ਨਹੀਂ ਹੋ ਸਕਦਾ ? ਕੁਝ ਵੀ ਨਾ ਹੋਣ ਨਾਲੋਂ ਤਾਂ ਚੰਗਾ, ਲੇਲਾ ਈ ਹੋਵੇ। ਬੁੱਢੀ ਹੁਕਮੀ, ਚੀਤੇ-ਦੰਦੀ। ਬਘਿਆੜ-ਮੂੰਹੀਂ ਦੀਪੋ।

ਕਿਰਨ : ਰੌਲੀ ਨਾ ਪਾ ਬੇਬੇ।

ਮਾਲਾਂ : ਇਹ ਬਿਲਕੁਲ ਸੱਚੀ ਗੱਲ ਐ। ਸਭ ਕੁਝ ਕਾਲਾ ਸਿਆਹ ਹੋ ਚੁੱਕਾ। ਮੇਰੇ ਵਾਲ ਚਿੱਟੇ ਹੋ ਗਏ ਤਾਂ ਇਹਦਾ ਮਤਲਬ ਇਹ ਨਹੀਂ ਕਿ ਮੇਰੇ ਬੱਚੇ ਨਹੀਂ ਹੋ ਸਕਦੇ-ਹੋ ਸਕਦੇ ਨੇ-ਬੱਚੇ। ਬੱਚੇ ਦੇ ਵਾਲ ਚਿੱਟੇ ਹੋਣਗੇ। ਇਸ ਬੱਚੇ ਤੋਂ ਬਾਅਦ ਮੇਰਾ ਇਕ ਹੋਰ ਬੱਚਾ ਹੋਵੇਗਾ, ਫਿਰ ਇਕ ਹੋਰ, ਫਿਰ ਇਕ ਹੋਰ, ਸਾਡੇ ਸਭ ਦੇ ਵਾਲ ਬਰਫ਼ ਵਰਗੇ ਚਿੱਟੇ ਹੋਣਗੇ। ਅਸੀਂ ਲਹਿਰਾਂ ਵਰਗੇ ਹੋਵਾਂਗੇ। ਇਕ ਲਹਿਰ, ਫਿਰ ਹੋਰ, ਫਿਰ ਹੋਰ। ਫਿਰ ਅਸੀਂ ਬੈਠ ਜਾਵਾਂਗੇ। ਸਾਡੇ ਸਾਰਿਆਂ ਦੇ ਸਿਰ ਚਿੱਟੇ ਹੋਣਗੇ ਤੇ ਅਸੀਂ ਸਮੁੰਦਰੀ ਝੱਗ ਬਣ ਜਾਵਾਂਗੇ। ਏਥੇ ਸਮੁੰਦਰੀ ਝੱਗ ਕਿਉਂ ਨਹੀਂ? ਏਥੇ ਤਾਂ ਸਿਰਫ਼ ਖੱਫਣ ਹੀ ਖੱਫਣ ਨੇ।

ਕਿਰਨ : ਚੁੱਪ!

ਮਾਲਾਂ : ਜਦੋਂ ਮੇਰੀ ਗੁਆਂਢਣ ਦੇ ਬੱਚਾ ਹੋਇਆ, ਮੈਂ ਉਹਦੇ ਲਈ ਪਿੰਨੀਆਂ ਲੈ ਕੇ ਗਈ, ਫਿਰ ਉਹ ਮੇਰੇ ਪਿੰਨੀਆਂ ਲੈ ਕੇ ਆਈ। ਹਮੇਸ਼ਾਂ ਏਦਾਂ ਹੀ ਹੁੰਦਾ, ਹਮੇਸ਼ਾਂ, ਹਮੇਸ਼ਾਂ। ਤੇਰੇ ਵਾਲ ਚਿੱਟੇ ਹੋ ਜਾਣਗੇ, ਪਰ ਤੇਰੇ ਗੁਆਂਢੀ ਨਹੀਂ ਆਉਣਗੇ। ਮੈਂ ਹੁਣ ਚਲੀ ਜਾਣਾਂ, ਬਹੁਤ ਦੂਰ। ਪਰ ਮੈਨੂੰ ਕੁੱਤਿਆਂ ਤੋਂ ਡਰ ਲੱਗਦਾ, ਉਹ ਮੈਨੂੰ ਵੱਢ ਖਾਣਗੇ। ਤੂੰ ਮੇਰੇ ਨਾਲ ਨਹੀਂ ਚੱਲੇਂਗੀ ਖੇਤਾਂ ਤੱਕ? ਮੈਨੂੰ ਖੇਤ ਨਹੀਂ ਚੰਗੇ ਲਗਦੇ, ਮੈਨੂੰ ਘਰ ਚੰਗੇ ਲੱਗਦੇ ਨੇ, ਪਰ ਖੁੱਲ੍ਹੇ ਡੁੱਲ੍ਹੇ। ਤੇ ਗੁਆਂਢਣਾਂ ਸੁੱਤੀਆਂ ਹੋਈਆਂ, ਆਪਣੇ ਨੰਨ੍ਹਿਆਂ ਮੁੰਨ੍ਹਿਆਂ ਨਾਲ। ਤੇ ਵਿਹੜਿਆਂ ਵਿਚ ਬੈਠੇ ਮਰਦ, ਮੰਜਿਆਂ ਤੇ। ਦਿਲਬਾਗ ਤਾਂ ਦੈਂਤ ਆ। ਤੁਸੀਂ ਸਾਰੀਆਂ ਉਹਨੂੰ ਪਿਆਰ ਕਰਦੀਆਂ। ਪਰ ਉਹ ਤੁਹਾਨੂੰ ਸਾਰੀਆਂ ਨੂੰ ਖਾ ਜਾਊਗਾ, ਕਣਕ ਦੇ ਦਾਣਿਆਂ ਵਾਂਗ। ਨਹੀਂ ਕਣਕ ਦੇ ਦਾਣਿਆਂ ਵਾਂਗ ਨਹੀਂ, ਡੱਡੀਆਂ ਮੱਛੀਆਂ ਵਾਂਗ।

ਕਿਰਨ : *(ਗੁੱਸੇ ਨਾਲ)* ਆ ਜਾ ਬੇਬੇ, ਹੁਣ ਸੌਂਈਏ



WWW.SIKHBOOKCLUB.COM 

*(ਉਹਨੂੰ ਧੱਕਾ ਦੇਂਦੀ ਹੈ)*

ਮਾਲਾਂ : ਪਰ ਤੂੰ ਫਿਰ ਬਾਹਰ ਜਾਣ ਲਈ ਦਰਵਾਜ਼ਾ ਤਾਂ ਖੋਲ੍ਹ ਦੇਵੇਂਗੀ ਨਾ।

ਕਿਰਨ : ਹਾਂ ਜ਼ਰੂਰ

*(ਰੋਂਦੀ ਹੈ)*

*(ਓਹੀ ਲੇਲੇ ਵਾਲਾ ਗੀਤ ਗਾਉਂਦੀ ਹੈ)*

*(ਪਹਿਲਾ ਬੰਦ)*

*(ਤਾਰੋ ਉਸ ਦਰਵਾਜ਼ੇ ਨੂੰ ਤਾਲਾ ਲਾ ਦੇਂਦੀ ਹੈ, ਜਿਸ ਦਰਵਾਜ਼ੇ ਥਾਣੀਂ ਮਾਲਾਂ ਬਾਹਰ ਆਈ ਸੀ। ਵਿਹੜੇ ਦੇ ਬੂਹੇ ਵੱਲ ਜਾਂਦੀ ਹੈ, ਫਿਰ ਝਿਜਕਦੀ ਹੈ, ਦੋ ਕਦਮ ਅੱਗੇ ਜਾਂਦੀ ਹੈ)*

ਕਿਰਨ : *(ਮੱਧਮ ਆਵਾਜ਼ ਵਿਚ)* ਚੰਨੋ

*(ਵਕਫ਼ਾ! ਦਰਵਾਜ਼ੇ ਵੱਲ ਵਧਦੀ ਹੈ। ਫੇਰ ਵਾਜ ਮਾਰਦੀ ਹੈ)*

ਚੰਨੋ!

*(ਚੰਨੋ ਦਾਖ਼ਲ ਹੁੰਦੀ ਹੈ, ਉਹਦੇ ਵਾਲ ਖਿਖਰੇ ਹੋਏ ਹਨ)*

ਚੰਨੋ : ਤੂੰ ਮੈਨੂੰ ਕਾਹਦੇ ਲਈ ਲਭਦੀ ਫਿਰਦੀ ਏਂ?

ਕਿਰਨ : ਤੂੰ ਉਹਦੇ ਕੋਲੋਂ ਦੂਰ ਰਹਿ।

ਚੰਨੋ : ਕਿਉਂ, ਤੈਨੂੰ ਇਹ ਕਹਿਣ ਦੀ ਕੀ ਲੋੜ ਪੈ ਗਈ?

ਕਿਰਨ : ਇਹ ਸ਼ਰੀਫ਼ ਕੁੜੀਆਂ ਵਾਲੇ ਕੰਮ ਨਹੀਂ।

ਚੰਨੋ : ਤੇਰਾ ਕਿੰਨਾ ਜੀਅ ਕਰਦਾ ਕਿ ਮੇਰੀ ਥਾਂ ਤੂੰ ਹੋਵੇਂ।

ਕਿਰਨ : *(ਉੱਚੀ ਆਵਾਜ਼ ਵਿਚ)* ਦੇਖ ਮੈਂ ਤੈਨੂੰ ਕਹਿੰਨੀ ਆਂ, ਇਹ ਹੁਣ ਹੋਰ ਨਹੀਂ ਚੱਲਣਾ।

ਚੰਨੋ : ਇਹ ਤਾਂ ਸਿਰਫ਼ ਸ਼ੁਰੂਆਤ ਹੈ। ਮੇਰੇ ਕੋਲ ਏਨੀ ਤਾਕਤ ਐ ਕਿ ਸਭ ਨੂੰ ਪਾਸੇ ਹਟਾ ਕੇ ਅੱਗੇ ਆ ਸਕਦੀ ਆਂ। ਤੇਰੇ ਕੋਲ ਇਹੋ ਜਿਹੀ ਸ਼ਕਲ ਤੇ ਅੱਗ ਦੀ ਕਮੀ ਐ। ਉਸ ਛੱਤ ਥੱਲੇ ਮੌਤ ਐ ਤੇ ਮੈਂ ਬਾਹਰ ਆ ਗਈ, ਉਸ ਨੂੰ ਹਾਸਲ ਕਰਨ ਲਈ ਜੋ ਮੇਰਾ ਹੈ।

ਕਿਰਨ : ਉਹ ਪੱਥਰ-ਦਿਲ ਮਰਦ ਹੁਣ ਇਕ ਹੋਰ ਔਰਤ ਲੱਭਦਾ



WWW.SIKHBOOKCLUB.COM 

ਆਇਆ। ਤੂੰ ਆਪਣੇ ਆਪ ਨੂੰ ਉਹਦੇ ਅੱਗੇ ਸੁੱਟ ਦਿੱਤਾ।

ਚੰਨੋ : ਉਹ ਇਸ ਘਰ ਵਿਚ ਪੈਸੇ ਲਈ ਆਇਆ, ਪਰ ਉਸ ਦੀ ਅੱਖ ਹਮੇਸ਼ਾਂ ਮੇਰੇ 'ਤੇ ਸੀ।

ਕਿਰਨ : ਮੈਂ ਨਹੀਂ ਚਾਹੁੰਦੀ ਕਿ ਤੂੰ ਦਿਲਬਾਗ ਨੂੰ ਖੋਹ ਲਵੇਂ। ਉਹ ਦਾ ਵਿਆਹ ਤਾਰੋ ਨਾਲ ਹੋਵੇਗਾ।

ਚੰਨੋ : ਤੈਨੂੰ ਮੇਰੇ ਨਾਲੋਂ ਵੀ ਜ਼ਿਆਦਾ ਚੰਗੀ ਤਰ੍ਹਾਂ ਪਤਾ ਕਿ ਉਹ ਤਾਰੋ ਨੂੰ ਪਿਆਰ ਨਹੀਂ ਕਰਦਾ।

ਕਿਰਨ : ਹਾਂ, ਮੈਨੂੰ ਪਤਾ

ਚੰਨੋ : ਤੈਨੂੰ ਪਤਾ ਕਿਉਂਕਿ ਤੂੰ ਦੇਖ ਚੁੱਕੀ ਐਂ ਕਿ ਉਹ ਮੈਨੂੰ ਪਿਆਰ ਕਰਦਾ, ਮੈਨੂੰ।

ਕਿਰਨ : *(ਮਜਬੂਰੀ ਜਿਹੀ ਨਾਲ)* ਹਾਂ ਦੇਖ ਚੁੱਕੀ ਆਂ।

ਚੰਨੋ : *(ਉਹਦੇ ਕੋਲ ਆ ਕੇ)* ਉਹ ਮੈਨੂੰ ਪਿਆਰ ਕਰਦਾ, ਮੈਨੂੰ। ਉਹ ਮੈਨੂੰ ਪਿਆਰ ਕਰਦਾ, ਮੈਨੂੰ।

ਕਿਰਨ : ਮੇਰੀ ਛਾਤੀ ਵਿਚ ਚਾਕੂ ਖੋਭ ਦੇਈਂ, ਜੇ ਤੇਰਾ ਦਿਲ ਕਰੇ, ਪਰ ਮੁੜ ਕੇ ਇਹ ਗੱਲ ਨਾ ਮੇਰੇ ਸਾਹਮਣੇ ਕਹੀਂ।

ਚੰਨੋ : ਏਸੇ ਲਈ ਤੂੰ ਚਾਹੁੰਨੀ ਏਂ ਕਿ ਮੈਂ ਉਹਨੂੰ ਨਾ ਮਿਲਾਂ। ਤੈਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਕਿ ਉਹ ਉਸ ਔਰਤ ਦੇ ਗਲ਼ ਵਿਚ ਬਾਹਾਂ ਪਾਈ ਰੱਖੇ ਜਿਹਨੂੰ ਉਹ ਪਿਆਰ ਨਹੀਂ ਕਰਦਾ। ਮੈਨੂੰ ਵੀ ਕੋਈ ਫ਼ਰਕ ਨਹੀਂ ਪੈਂਦਾ। ਉਹ ਸੌ ਸਾਲ ਤਾਰੋ ਨਾਲ ਰਹਿ ਸਕਦਾ ਹੈ - ਪਰ ਜੇ ਉਹ ਮੇਰੇ ਗਲ ਬਾਹਾਂ ਪਾਉਂਦਾ ਤਾਂ ਇਹ ਤੇਰੇ ਕੋਲੋਂ ਸਹਿ ਨਹੀਂ ਹੁੰਦਾ। ਕਿਉਂਕਿ ਤੂੰ ਵੀ ਉਹਨੂੰ ਪਿਆਰ ਕਰਦੀ ਏਂ। ਤੂੰ ਉਹਨੂੰ ਪਿਆਰ ਕਰਦੀ ਏਂ।

ਕਿਰਨ : *(ਨਾਟਕੀ ਢੰਗ ਨਾਲ)* ਹਾਂ, ਤੇ ਮੈਨੂੰ ਇਸ ਵਿਚ ਕੋਈ ਸ਼ਰਮ ਨਹੀਂ। ਮੇਰੀ ਛਾਤੀ ਟੱਸ ਟੱਸ ਕਰਦੀ ਏ, ਅਨਾਰ ਵਾਂਗ ਫੁੱਟਣ ਨੂੰ ਤਿਆਰ। ਮੈਂ ਉਹਨੂੰ ਪਿਆਰ ਕਰਦੀ ਆਂ।

ਚੰਨੋ : *(ਉਹਨੂੰ ਜੱਫੀ ਪਾਉਂਦੀ ਹੋਈ)* ਤਾਰੋ, ਤਾਰੋ, ਮੇਰਾ ਕੋਈ ਕਸੂਰ ਨਹੀਂ।

ਕਿਰਨ : ਮੇਰੇ ਗਲ ਆਪਣੀਆਂ ਬਾਹਾਂ ਨਾ ਪਾ। ਮੇਰੇ ਦਿਲ ਵਿਚ ਨਰਮਾਈ ਲਿਆਉਣ ਦੀ ਕੋਸ਼ਿਸ਼ ਨਾ ਕਰ। ਹੁਣ ਆਪਣੇ ਖ਼ੂਨ ਇਕ ਨਹੀਂ ਰਹੇ। ਮੈਂ ਇਹ ਸੋਚਣ ਦੀ ਬੜੀ ਕੋਸ਼ਸ਼ ਕਰਦੀ ਆਂ ਕਿ ਤੂੰ ਮੇਰੀ ਭੈਣ ਏਂ। ਪਰ ਮੈਨੂੰ ਤੂੰ ਹੁਣ ਸਿਰਫ਼ ਦੂਸਰੀ ਔਰਤ ਹੀ ਲਗਦੀ ਏਂ। *(ਉਹ ਉਸਨੂੰ ਪਰ੍ਹੇ ਧੱਕਦੀ ਹੈ)*

ਚੰਨੋ : ਬਚਣ ਦਾ ਕੋਈ ਤਰੀਕਾ ਨਹੀਂ। ਜਿਹੜਾ ਡੁੱਬਣਾ ਚਾਹੁੰਦਾ ਉਹਨੂੰ ਡੁੱਬ ਜਾਣ ਦਿਉ। ਦਿਲਬਾਗ ਮੇਰਾ ਐ। ਉਹ ਮੈਨੂੰ ਦਰਿਆ ਦੇ ਕੰਢੇ ਕੰਢੇ ਦੌੜਾ ਕੇ ਲੈ ਜਾਵੇਗਾ।

ਕਿਰਨ : ਉਹ ਨਹੀਂ ਲਿਜਾਵੇਗਾ।

ਚੰਨੋ : ਉਹਦੇ ਹੋਠਾਂ ਦਾ ਸੁਆਦ ਦੇਖਣ ਤੋਂ ਬਾਅਦ ਹੁਣ ਮੇਰੇ ਕੋਲ ਇਸ ਘਟੀਆ ਘਰ ਵਿਚ ਨਹੀਂ ਰਹਿ ਹੁੰਦਾ। ਇਸ ਪਿੰਡ ਵਿਚ ਹਰ ਕੋਈ ਮੇਰੇ ਖ਼ਿਲਾਫ਼ ਐ, ਸਾਰੇ ਆਪਣੀਆਂ ਚੁਆਤੀਆਂ ਵਰਗੀਆਂ ਉਂਗਲਾਂ ਲਾਲ ਮੈਨੂੰ ਸਾੜ ਰਹੇ ਨੇ। ਇਹ ਜਿਹੜੇ ਆਪਣੇ ਆਪ ਨੂੰ ਚੰਗੇ ਸਮਝਦੇ ਨੇ, ਦਿਨ ਰਾਤ ਮੇਰੇ ਪੇਸ਼ ਪਏ ਰਹਿੰਦੇ ਨੇ। ਪਰ ਮੈਂ ਇਨ੍ਹਾਂ ਸਭਨਾਂ ਦੇ ਸਾਹਮਣੇ, ਕੰਡਿਆਂ ਦਾ ਤਾਜ ਪਹਿਨਾਂਗੀ, ਜੋ ਵਿਆਹੇ ਵਰੇ ਬੰਦੇ ਦੀ ਪ੍ਰੇਮਿਕਾ ਨੂੰ ਪਹਿਨਣਾ ਪੈਂਦਾ।

ਕਿਰਨ : ਚੁੱਪ ਕਰ

ਚੰਨੋ : ਅੱਛਾ।

*(ਮੱਧਮ ਆਵਾਜ਼ ਵਿਚ)*

ਚਲ ਆਪਾਂ ਸੌਂ ਜਾਈਏ। ਉਹਦਾ ਵਿਆਹ ਤਾਰੋ ਨਾਲ ਹੋਣ ਦੇਈਏ। ਮੈਨੂੰ ਹੁਣ ਇਸ ਗੱਲ ਦੀ ਪਰਵਾਹ ਨਹੀਂ। ਫਿਰ ਮੈਂ ਦੂਰ ਕਿਸੇ ਛੋਟੇ ਜਿਹੇ ਘਰ ਵਿਚ ਰਹਿਣ ਲੱਗ ਪਵਾਂਗੀ, ਜਿੱਥੇ ਉਹ ਮੈਨੂੰ ਮਿਲਣ ਆਇਆ ਕਰੇਗਾ, ਜਦੋਂ ਉਹਦੀ ਮਰਜ਼ੀ ਹੋਇਆ ਕਰੇਗੀ, ਜਦੋਂ ਉਹਦਾ ਜੀਅ ਕਰਿਆ ਕਰੇਗਾ।

ਕਿਰਨ : ਇਸ ਤਰ੍ਹਾਂ ਨਹੀਂ ਹੋਵੇਗਾ। ਜਦ ਤੱਕ ਮੇਰੇ ਜਿਸਮ ਵਿਚ ਇਕ ਵੀ ਲਹੂ ਦੀ ਬੂੰਦ ਬਾਕੀ ਹੈ, ਇਸ ਤਰ੍ਹਾਂ ਨਹੀਂ ਹੋਵੇਗਾ।



WWW.SIKHBOOKCLUB.COM 

ਚੰਨੋ : ਤੇਰੇ ਵਰਗੀ ਕਮਜ਼ੋਰ ਜਿਹੀ ਔਰਤ ਤਾਂ ਕੀ ਚੀਜ਼ ਹੈ। ਮੈਂ ਤਾਂ ਕਿਸੇ ਜੰਗਲੀ ਘੋੜੇ ਨੂੰ ਵੀ ਗੋਡਿਆਂ ਭਾਰ ਬਿਠਾ ਸਕਦੀ ਆਂ, ਸਿਰਫ਼ ਆਪਣੀ ਚੀਚੀ ਦੇ ਜ਼ੋਰ ਨਾਲ।

ਕਿਰਨ : ਮੇਰੇ ਸਾਹਮਣੇ ਏਨੀ ਉੱਚੀ ਆਵਾਜ਼ ਵਿਚ ਨਾ ਬੋਲ। ਮੈਨੂੰ ਖਿਝ ਆਉਂਦੀ ਏ। ਮੇਰਾ ਦਿਲ ਕਿਸੇ ਏਨੀ ਚੰਦਰੀ ਚੀਜ਼ ਨਾਲ ਭਰਿਆ ਹੋਇਆ ਕਿ ਮੇਰੇ ਨਾ ਚਾਹੁਣ ਦੇ ਬਾਵਜੂਦ ਇਹ ਮੈਨੂੰ ਡੁਬੋਈ ਜਾ ਰਿਹਾ।

ਚੰਨੋ : ਤੇਰੇ ਵਰਗੀਆਂ ਭੈਣਾਂ ਵੀ ਹੁੰਦੀਆਂ ਨੇ ਜਹਾਨ ਉਤੇ, ਮੈਨੂੰ ਪਤਾ ਨਹੀਂ ਸੀ। ਰੱਬ ਨੇ ਮੇਰੀ ਏਹੀ ਕਿਸਮਤ ਲਿਖੀ ਸੀ ਕਿ ਮੈਂ ਹਨ੍ਹੇਰੇ ਵਿਚ ਬਿਲਕੁਲ ਇਕੱਲੀ ਰਹਿ ਜਾਵਾਂ। ਅੱਜ ਮੈਂ ਤੇਰਾ ਜਿਹੜਾ ਚਿਹਰਾ ਦੇਖ ਰਹੀ ਆਂ, ਉਹ ਮੈਂ ਕਦੇ ਨਹੀਂ ਸੀ ਦੇਖਿਆ।

*(ਇਕ ਸੀਟੀ ਮਾਰਨ ਦੀ ਆਵਾਜ਼ ਸੁਣਦੀ ਹੈ। ਚੰਨੋ ਦਰਵਾਜ਼ੇ ਵੱਲ ਦੌੜਦੀ ਹੈ, ਕਿਰਨ ਉਹਨੂੰ ਸਾਹਮਣਿਓਂ ਰੋਕ ਲੈਂਦੀ ਹੈ)*

ਕਿਰਨ : ਕਿੱਧਰ ਚੱਲੀ ਏਂ ਤੂੰ?

ਚੰਨੋ : ਤੂੰ ਪਾਸੇ ਹਟ ਜਾ।

ਕਿਰਨ : ਜੇ ਲੰਘ ਸਕਦੀ ਏਂ, ਲੰਘ ਜਾ

ਚੰਨੋ : ਪਾਸੇ ਹਟ ਜਾ।

*(ਉਹ ਗੁੱਥਮਗੁੱਥਾ ਹੋ ਜਾਂਦੀਆਂ ਹਨ)*

ਕਿਰਨ : *(ਉੱਚੀ ਆਵਾਜ਼ ਵਿਚ)* ਅੰਮਾ, ਅੰਮਾ

ਚੰਨੋ : ਕਿਰਨ, ਮੈਨੂੰ ਜਾ ਲੈਣ ਦੇ

*(ਹੁਕਮੀ ਦਾਖ਼ਲ ਹੁੰਦੀ ਹੈ)*

ਹੁਕਮੀ : ਚੁਪ ਕਰੋ। ਕਿੰਨੀ ਬਦਕਿਸਮਤ ਆਂ ਮੈਂ। ਘਰ ਵਿਚ ਕੋਈ ਮਰਦ ਨਹੀਂ ਮੇਰੀ ਮਦਦ ਕਰਨ ਨੂੰ

ਕਿਰਨ : *(ਚੰਨੋ ਵੱਲ ਇਸ਼ਾਰਾ ਕਰਦਿਆਂ)* ਅੰਮਾ, ਇਹ ਦਿਲਬਾਗ ਨਾਲ ਸੀ ਦੇਖੋ ਇਹਦੇ ਕੱਪੜੇ, ਤੂੜੀ ਨਾਲ ਲਿੱਬੜੇ ਹੋਏ।

*(ਹੁਕਮੀ ਗੁੱਸੇ ਨਾਲ ਚੰਨੋ ਵੱਲ ਵਧਦਿਆਂ)*



WWW.SIKHBOOKCLUB.COM 

ਲੁੱਚੀਆਂ ਦੀ ਸੇਜ ਤੂੜੀ ਵਾਲੇ ਕੋਠੇ ਵਿਚ ਹੀ ਹੁੰਦੀ ਐ।

ਚੰਨੋ : *(ਉਹਦੇ ਸਾਹਮਣੇ ਤਣ ਕੇ ਖੜੀ ਹੁੰਦੀ ਹੋਈ)* ਕਦੀ ਤਾਂ ਇਹ ਕੈਦ ਮੁੱਕੇਗੀ। (ਚੰਨੋ ਆਪਣੀ ਮਾਂ ਦੀ ਸੋਟੀ ਖੋਂਹਦੀ ਹੈ ਤੇ ਦੋ ਟੋਟੇ ਕਰ ਦਿੰਦੀ ਹੈ) ਜ਼ਾਲਮਾਂ ਨਾਲ ਇਹੀ ਸਲੂਕ ਹੋਣਾ ਚਾਹੀਦਾ ਹੈ। ਹੁਣ ਇਕ ਵੀ ਕਦਮ ਅੱਗੇ ਨਾ ਵਧਾਈਂ। ਮੇਰੇ ਉੱਤੇ ਸਿਰਫ਼ ਦਿਲਬਾਗ ਦਾ ਹੁਕਮ ਚੱਲਦਾ ਹੈ, ਹੋਰ ਕਿਸੇ ਦਾ ਨਹੀਂ।

*(ਪਾਲੋ ਅਤੇ ਤਾਰੋ ਦਾਖ਼ਲ ਹੁੰਦੀਆਂ ਹਨ)*

ਚੰਨੋ : ਮੈਂ ਉਹਦੀ ਆਂ।

*(ਤਾਰੋ ਨੂੰ)* ਤੂੰ ਵੀ ਸਮਝ ਲੈ ਤੇ ਓਧਰ ਵਿਹੜੇ 'ਚ ਜਾ ਕੇ ਉਹ ਨੂੰ ਦੱਸ ਦੇ। ਉਹ ਇਸ ਘਰ ਦਾ ਮਾਲਕ ਹੋਵੇਗਾ।

ਤਾਰੋ : ਓ ਮੇਰਿਆ ਰੱਬਾ

ਹੁਕਮੀ : ਕਿੱਥੇ ਆ ਮੇਰੀ ਬੰਦੂਕ ?

*(ਕਾਹਲੀ ਕਾਹਲੀ ਜਾਂਦੀ ਹੈ, ਪਾਲੋ ਉਹਦੇ ਅੱਗੇ ਅੱਗੇ ਦੌੜਦੀ ਹੈ। ਜੋਤੀ ਦਾਖ਼ਲ ਹੁੰਦੀ ਹੈ ਤੇ ਡਰੀ ਹੋਈ ਵੇਖਦੀ ਹੈ। ਉਸ ਨੇ ਆਪਣਾ ਸਿਰ ਕੰਧ ਨਾਲ ਲਾਇਆ ਹੋਇਆ ਹੈ। ਉਸ ਦੇ ਪਿੱਛੇ ਦੀਪੋ ਆਉਂਦੀ ਹੈ।)*

ਚੰਨੋ : ਮੈਨੂੰ ਕੋਈ ਨਹੀਂ ਰੋਕ ਸਕਦਾ।

*(ਉਹ ਬਾਹਰ ਜਾਣ ਦੀ ਕੋਸ਼ਿਸ਼ ਕਰਦੀ ਹੈ)*

ਤਾਰੋ : *(ਉਹਨੂੰ ਫੜਦੀ ਹੋਈ)* ਤੂੰ ਏਥੋਂ ਜੀਊਂਦੀ ਬਾਹਰ ਨਹੀਂ ਜਾ ਸਕਦੀ ਠੱਗਣੀ! ਸਾਡੇ ਘਰ ਦਾ ਕਲੰਕ!!

ਦੀਪੋ : ਦਫ਼ਾ ਹੋਣ ਦਿਓ ਇਹਨੂੰ! ਤਾਂ ਜੋ ਅਸੀਂ ਮੁੜ ਕੇ ਇਹਦਾ ਮੂੰਹ ਨਾ ਦੇਖ ਸਕੀਏ।

*(ਬੰਦੂਕ ਦੇ ਚੱਲਣ ਦੀ ਆਵਾਜ਼)*

ਹੁਕਮੀ : *(ਦਾਖ਼ਲ ਹੁੰਦੀ ਹੋਈ)*

ਜਾਓ ਹੁਣ ਲੱਭ ਲਓ ਉਹਨੂੰ!

ਕਿਰਨ : *(ਦਾਖ਼ਲ ਹੁੰਦੀ ਹੋਈ)*

ਦਿਲਬਾਗ ਨੂੰ ਮਾਰ ਦਿੱਤਾ ਅੰਮਾ ਨੇ।

ਚੰਨੋ : ਦਿਲਬਾਗ.....! ਓ ਮੇਰਿਆ ਰੱਬਾ.....! ਦਿ...ਲ...ਬਾ...ਗ!!
*(ਬਾਹਰ ਵੱਲ ਨੂੰ ਦੌੜਦੀ ਹੈ)*

ਪਾਲੋ : (ਹੁਕਮੀ ਨੂੰ) ਤੂੰ ਉਹ ਨੂੰ ਮਾਰ ਦਿੱਤਾ?

ਕਿਰਨ : ਨਹੀਂ, ਉਹ ਘੋੜਾ ਭਜਾ ਕੇ ਲੈ ਗਿਆ!

ਹੁਕਮੀ : ਮੇਰੇ ਕੋਲੋਂ ਹੀ ਕਸਰ ਰਹਿ ਗਈ, ਤੀਵੀਂ ਨਿਸ਼ਾਨਾ ਨਹੀਂ ਲਾ ਸਕਦੀ।

ਦੀਪੋ : ਫਿਰ ਤੂੰ ਕਿਉਂ ਕਿਹਾ ਮਾਰ ਦਿੱਤਾ?

ਕਿਰਨ : *(ਚੰਨੋ ਵੱਲ ਇਸ਼ਾਰਾ ਕਰਦੀ ਹੋਈ)*
ਉਹਦੇ ਕਰ ਕੇ ਕਿਹਾ! ਮੈਂ ਉਹਨੂੰ ਲਹੂ ਦੇ ਦਰਿਆ 'ਚ ਡੋਬਣਾ ਚਾਹੁੰਨੀ ਆਂ।

ਪਾਲੋ : ਲਾਹਨਤ ਆ ਤੇਰੇ 'ਤੇ!

ਦੀਪੋ : ਚੁੜੇਲ!

ਹੁਕਮੀ : ਇੱਕ ਗੱਲੋਂ ਚੰਗਾ ਹੋਇਆ, ਬਚਾਅ ਹੋ ਗਿਆ।
*(ਕਿਸੇ ਕਮਰੇ ਵਿਚ ਖੜਾਕ ਦੀ ਆਵਾਜ਼)*
ਚੰਨੋ! ਚੰਨੋ!

ਪਾਲੋ : *(ਉਹਦੇ ਦਰਵਾਜ਼ੇ ਕੋਲ)* ਬੂਹਾ ਖੋਲ੍ਹ...ਏ ਚੰਨੋ ਬੂਹਾ ਖੋਲ੍ਹ...!

ਹੁਕਮੀ : ਬੂਹਾ ਖੋਲ੍ਹ ਦੇ...ਇਹ ਕੰਧਾਂ ਤੇਰੀ ਨਮੋਸ਼ੀ ਢੱਕ ਨਹੀਂ ਸਕਦੀਆਂ!

ਨੌਕਰਾਣੀ : *(ਦਾਖ਼ਲ ਹੁੰਦੀ ਹੋਈ)* ਸਾਰੇ ਗੁਆਂਢੀ ਜਾਗ ਪਏ ਆ

ਹੁਕਮੀ : *(ਮੱਧਮ ਆਵਾਜ਼ ਵਿਚ ਪਰ ਰੋਅਬ ਨਾਲ)* ਖੋਲ੍ਹ ਦੇ ਨਹੀਂ ਤਾਂ ਮੈਂ ਦਰਵਾਜ਼ਾ ਭੰਨ ਦਿਆਂਗੀ।
*(ਵਕਫ਼ਾ, ਸਾਰੇ ਪਾਸੇ ਖ਼ਾਮੋਸ਼ੀ ਹੈ)*
ਚੰਨੋ!
*(ਹੁਕਮੀ ਦਰਵਾਜ਼ੇ ਤੋਂ ਪਾਸੇ ਹਟ ਜਾਂਦੀ ਹੈ।)*
ਹਥੌੜਾ ਲਿਆਓ।
*(ਪਾਲੋ ਆਪਣੇ ਸਰੀਰ ਨਾਲ ਦਰਵਾਜ਼ਾ ਤੋੜ ਦਿੰਦੀ ਹੈ। ਉਹ ਅੰਦਰ ਜਾਂਦੀ ਹੈ, ਦਾਖ਼ਲ ਹੁੰਦਿਆਂ ਹੈ, ਚੀਕ ਮਾਰਦੀ ਹੈ, ਬਾਹਰ ਆ ਜਾਂਦੀ ਹੈ।)*
ਕੀ ਹੋਇਆ?

ਪਾਲੋ : *(ਆਪਣੇ ਗਲ ਦੁਆਲੇ ਹੱਥ ਵਲਦੀ ਹੈ)* ਇਸ ਤਰ੍ਹਾਂ ਤਾਂ ਕੋਈ ਨਾ ਮਰੇ।
*(ਭੈਣਾਂ ਪਿੱਛੇ ਹਟਦੀਆਂ ਹਨ। ਨੌਕਰਾਣੀ ਹੱਥ ਜੋੜ ਕੇ ਮੱਥੇ ਨੂੰ ਲਾਉਂਦੀ ਹੈ। ਹੁਕਮੀ ਚਿੰਘਾੜ ਮਾਰਦੀ ਤੇ ਅੱਗੇ ਵਧਦੀ ਹੈ।)* ਅੰਦਰ ਨਾ ਜਾਓ।

ਹੁਕਮੀ : ਬਚ ਗਿਆ। ਤੂੰ ਦੌੜ ਗਿਆ ਏਂ ਦਿਲਬਾਗ, ਦਰਖ਼ਤਾਂ ਦੇ ਖੱਲੋ ਹਨ੍ਹੇਰੇ ਵਿਚ ਲੁਕ ਗਿਆ। ਪਰ ਕਿਸੇ ਨ ਕਿਸੇ ਦਿਨ ਤੂੰ ਮਾਰਿਆ ਜਾਵੇਂਗਾ ਮੇਰੇ ਹੱਥੋਂ। ਮੇਰੀ ਕੁਆਰੀ ਧੀ ਮਾਰੀ ਗਈ। ਉਹਦੀ ਕੁਆਰੀ ਦੇਹੀ ਨੂੰ ਵਿਆਂਹਦੜਾਂ ਵਾਂਗ ਸ਼ਿੰਗਾਰ ਦਿਓ। ਇਸ ਬਾਰੇ ਹੁਣ ਕੋਈ ਮੂੰਹ ਨਾ ਖੋਲ੍ਹੇ। ਸਾਰੀ ਲੋਕਾਈ ਨੂੰ ਕਹਿ ਦਿਉ ਉਹ ਕੁਆਰੀ **ਸੀ**।

ਕਿਰਨ (ਉਹਲੇ) : ਸਾਡੇ ਨਾਲੋਂ ਹਜ਼ਾਰਾਂ ਗੁਣਾਂ ਚੰਗੀ ਰਹੀ ਉਹ। ਉਹਨੇ ਉਹਨੂੰ ਮਿਲ ਤਾਂ ਲਿਆ। (ਰੋਣ ਦੀ ਆਵਾਜ਼)

ਹੁਕਮੀ : ਮੈਂ ਤੁਹਾਨੂੰ ਕਿਹਾ ਨਾ, ਮੈਂ ਏਥੇ ਕੋਈ ਰੋਣਾ ਕੁਰਲਾਉਣਾ ਨਹੀਂ ਸੁਣਨਾ ਚਾਹੁੰਦੀ। ਬੰਦੇ ਨੂੰ ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਣਾ ਚਾਹੀਦਾ ਹੈ। (ਇਕ ਧੀ ਨੂੰ) ਚੁੱਪ ਕਰ, ਮੈਂ ਤੈਨੂੰ ਕਿਹਾ।
(ਦੂਜੀ ਧੀ ਨੂੰ) ਕੱਲੀਆਂ ਬਹਿ ਕੇ ਰੋ ਲਿਓ। ਇਹ ਤਾਂ ਸੋਗ ਦਾ ਸਮੁੰਦਰ ਐ ਸਾਡੇ ਡੁੱਬਣ ਨੂੰ। ਹੁਕਮੀ ਦੀ ਕੁਆਰੀ ਧੀ ਮਰ ਗਈ, ਉਹ ਵੀ ਸਭ ਤੋਂ ਛੋਟੀ
(ਕਿਸੇ ਧੀ ਦੇ ਰੋਣ ਦੀ ਆਵਾਜ਼)
ਸੁਣਿਆਂ ਨਹੀਂ ਤੁਹਾਨੂੰ? ਕੋਈ ਰੋਵੇ ਨਾ। ਚੁਪ ਕਰੋ ਮੈਂ ਕਿਹ ਚੁੱਪ ਕਰੋ।

(ਪਰਦਾ)



WWW.SIKHBOOKCLUB.COM 

ਨਾਟਕ "ਹੁਕਮੀ ਦੀ ਹਵੇਲੀ" ਜਾਗੀਰਦਾਰ ਦੀ ਮੌਤ ਨਾਲ ਸ਼ੁਰੂ ਹੁੰਦਾ ਹੈ। ਉਸਦੀ ਵਿਧਵਾ ਪਤਨੀ ਹੁਕਮੀ ਬਹੁਤ ਕੌੜੇ ਸੁਭਾਅ ਦੀ ਔਰਤ ਹੈ। ਉਸ ਨੇ ਆਪਣੀ ਬੁੱਢੀ ਮਾਂ ਮਾਲਾਂ ਨੂੰ ਇਕ ਕੋਠੜੀ ਵਿਚ ਤਾੜਿਆ ਹੋਇਆ ਹੈ ਤੇ ਆਪਣੀਆਂ ਪੰਜ ਧੀਆਂ ਨੂੰ ਉਹ ਹਰ ਪਲ ਆਪਣੀ ਬੇਕਿਰਕ ਨਜ਼ਰ ਹੇਠ ਰੱਖਦੀ ਹੈ। ਉਹ ਦਿਨ ਰਾਤ ਆਪਣੇ ਘਰ ਦੀ ਰੀਤ ਮਰਯਾਦਾ 'ਤੇ ਪਹਿਰਾ ਦੇ ਰਹੀ ਹੈ। ਉਹ ਨਹੀਂ ਚਾਹੁੰਦੀ ਕੋਈ ਉਸ ਦੇ ਖ਼ਾਨਦਾਨ ਦੀ ਇੱਜ਼ਤ ਆਬਰੂ 'ਤੇ ਉਂਗਲ ਧਰ ਸਕੇ।

ਆਪਣੀਆਂ ਵਿਆਹੁਣ ਯੋਗ ਧੀਆਂ ਲਈ ਹੁਕਮੀ ਨੂੰ ਆਸ ਪਾਸ ਕੋਈ ਯੋਗ ਵਰ ਨਹੀਂ ਲੱਭਦਾ ਕਿਉਂਕਿ ਉਹ ਉਨ੍ਹਾਂ ਦੇ ਵਿਆਹ ਆਮ ਜੱਟਾਂ ਦੇ ਘਰੀਂ ਨਹੀਂ ਕਰਨਾ ਚਾਹੁੰਦੀ, ਉਹ ਕੋਈ ਵੱਡਾ ਘਰ ਢੂੰਡਦੀ ਹੈ।

ਜਵਾਨ ਧੀਆਂ ਦੇ ਮਨਾਂ ਵਿੱਚੋਂ ਉੱਠਦੀਆਂ ਲਹਿਰਾਂ ਆਪਣੇ ਹੀ ਕਿਨਾਰੇ ਖੋਰ ਕੇ ਮੁੜਦੀਆਂ ਰਹਿੰਦੀਆਂ ਹਨ। ਬੁੱਢੀ ਮਾਂ ਮਾਲਾਂ ਨੀਮ-ਪਾਗਲ ਹੈ ਤੇ ਉਹ ਅਜੇ ਵੀ ਆਪਣੇ ਆਪ ਨੂੰ ਇਕ ਕੁਆਰੀ ਮੁਟਿਆਰ ਸਮਝਦੀ ਹੈ।

ਇਹ ਨਾਟਕ ਰੀਤ ਮਰਯਾਦਾ ਦੀ ਚਾਰ ਦੀਵਾਰੀ ਵਿਚ ਤੜਪਦੇ ਪਿਆਰ ਤੇ ਹੁਸਨ ਦਾ ਦੁਖਾਂਤ ਹੈ।

SIKHBOOKCLUB.COM

ਇਸ ਨਾਟਕ ਦਾ ਅੰਤ ਹੁਕਮੀ ਦੀ ਸਭ ਤੋਂ ਛੋਟੀ ਤੇ ਸਭ ਤੋਂ ਸੁਹਣੀ ਧੀ ਚੰਨੋ ਦੀ ਖ਼ੁਦਕੁਸ਼ੀ ਨਾਲ ਹੁੰਦਾ ਹੈ। ਇਹ ਖ਼ੁਦਕੁਸ਼ੀ ਇਸ ਗੱਲ ਦਾ ਪ੍ਰਤੀਕ ਹੈ ਕਿ ਇਸ ਘਰ ਵਿਚ ਜ਼ਿੰਦਗੀ ਲਈ ਬਾਕੀ ਸਾਰੇ ਦਰ ਬੰਦ ਹਨ, ਸਿਰਫ਼ ਮੌਤ ਦਾ ਦਰ ਖੁੱਲ੍ਹਾ ਹੈ।



Rs. 80/-